Nāsadīyam
A Multi-Disciplinary National Research Journal (Annual)
Peer Reviewed/Refereed
Available online at: https://nasadiyam.dmmkkr.ac.in/
Volume 2, Issue 1 (Jan – Dec), 2023, Pp 26-35

# ਨਾਰੀ ਸਵੈ-ਚੇਤਨਾ ਅਤੇ ਆਜ਼ਾਦ ਪ੍ਰਵਿਰਤੀ ਦੀ ਸੂਚਕ : ਹੀਰ ਵਾਰਿਸ ਸ਼ਾਹ (ਹੀਰ ਦੇ ਸੰਦਰਭ ਵਿਚ)

**ਡਾ. ਸੋਨੀਆ ਰਾਨੀ**
ਅਸਿਸਟੈਂਟ ਪ੍ਰੋਫ਼ੈਸਰ (ਪੰਜਾਬੀ)
ਦਯਾਨੰਦ ਮਹਿਲਾ ਮਹਾਵਿਦਿਆਲਿਆ
ਕੁਰੂਕਸ਼ੇਤਰ (ਹਰਿਆਣਾ)
Email ID: soniachauhan1144@gmail.com
Mobile No. : 9466941441

**ਸਾਰ**

ਜਾਗੀਰਦਾਰੀ ਸਮਾਜ ਪੁਰਸ਼ ਪ੍ਰਧਾਨ ਸਮਾਜ ਹੋਣ ਕਰਕੇ ਨਾਰੀ ਦੀ ਸਥਿਤੀ ਇਕ ਵਸਤੂ ਦੇ ਸਮਾਨ ਹੀ ਰਹੀ ਹੈ। ਬੇਸਕ ਕੁੱਝ ਉੱਚੇ ਘਰਾਣੇ ਦੀਆਂ ਕੁੜੀਆਂ ਨੂੰ ਆਜ਼ਾਦੀ ਦੇ ਨਾਂ ਤੇ ਕੁੱਝ ਅਧਿਕਾਰ ਪ੍ਰਾਪਤ ਸੀ ਪਰ ਜੇ ਸਾਥੀ ਦੀ ਚੋਣ ਦਾ ਮਸਲਾ ਹੋਵੇ ਤਾਂ ਇਹ ਆਜ਼ਾਦੀ ਸੰਘਰਸ਼ ਦਾ ਰੂਪ ਧਾਰਨ ਕਰ ਜਾਂਦੀ ਹੈ ਕਿਉਂਕਿ ਪਰਿਵਾਰ ਅਤੇ ਭਾਈਚਾਰਾ ਚਾਹੇ ਕੁੜੀ ਹੋਵੇ ਜਾਂ ਮੁੰਡਾ ਆਪਣੀ ਮਰਜ਼ੀ ਨਾਲ ਵਿਆਹ ਕਰਾਉਣ ਦੀ ਇਜਾਜਤ ਨਹੀਂ ਦਿੰਦਾ ਸੀ। ਜੇ ਕੋਈ ਅਜਿਹੀ ਖੁੱਲ੍ਹ ਚਾਹੇ ਤਾਂ ਭਾਈਚਾਰੇ ਲਈ ਇਹ ਵੰਗਾਰ ਬਣ ਕੇ ਪੇਸ਼ ਹੁੰਦਾ ਹੈ। ਕਿੱਸਾ ਹੀਰ ਵਾਰਿਸ ਸ਼ਾਹ ਵਿਚ ਹੀਰ ਅਤੇ ਰਾਂਝੇ ਦਾ ਇਸ਼ਕ ਵੀ ਭਾਈਚਾਰੇ ਲਈ ਅਣਖ ਦਾ ਮਸਲਾ ਬਣ ਜਾਂਦਾ ਹੈ। ਹੀਰ ਆਪਣੀ ਸਵੈ-ਚੇਤਨਾ ਅਤੇ ਆਜ਼ਾਦ ਪ੍ਰਵਿਰਤੀ ਦੀ ਮਿਸਾਲ ਬਣਦੀ ਹੋਈ ਆਪਣੇ ਅੰਤਿਮ ਸਾਹਾਂ ਤੱਕ ਇਸ਼ਕ ਲਈ ਸੰਘਰਸ਼ ਕਰਦੀ ਹੋਈ ਸਮੁੱਚੇ ਸਮਾਜ ਲਈ ਮਿਸਾਲ ਪੇਸ਼ ਕਰ ਜਾਂਦੀ ਹੈ।

**ਕੁੰਜੀ ਸ਼ਬਦ : ਕਿੱਸਾ, ਇਸ਼ਕ, ਭਾਈਚਾਰਾ, ਸਮਾਜ, ਸਵੈ-ਚੇਤਨਾ, ਆਜ਼ਾਦ-ਪ੍ਰਵਿਰਤੀ, ਸੰਘਰਸ਼ ਸੁਤੰਤਰ ।**

ਪੰਜਾਬੀ ਕਿੱਸਾ ਕਾਵਿ ਮੱਧਕਾਲੀਨ ਪੰਜਾਬੀ ਸਾਹਿਤ ਦਾ ਪ੍ਰਭਾਵਸ਼ਾਲੀ ਅਤੇ ਲੋਕਪ੍ਰਿਯ ਕਾਵਿ ਰੂਪ ਹੈ। ਇਹ ਕਾਵਿ ਰੂਪ ਕਿਉਂਕਿ ਜਾਗੀਰਦਾਰੀ ਸਮਾਜ ਦੀ ਦੇਣ ਹੈ ਇਸ ਲਈ ਕਿੱਸਾਕਾਰਾਂ ਨੇ ਵੀ ਆਪਣੇ ਕਿੱਸਿਆਂ ਵਿਚ ਪੁਰਸ਼ ਪ੍ਰਧਾਨ ਸਮਾਜ ਨੂੰ ਹੀ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਦੂਜੀ ਗੱਲ ਕਿੱਸਿਆਂ ਦੀ ਰਚਨਾ ਕਰਨ ਵਾਲੇ ਵੀ ਪੁਰਸ਼ ਕਵੀ ਸਨ। ਇਸ ਲਈ ਉਨ੍ਹਾਂ ਦੀ ਮਾਨਸਿਕਤਾ ਵਿਚ ਕਿੱਧਰੇ ਨਾ ਕਿੱਧਰੇ ''ਪੂਰਸ਼ ਪ੍ਰਧਾਨ ਸਮਾਜ'' ਵਾਲਾ ਸੰਕਲਪ ਪਿਆ ਸੀ। ਇਸ ਲਈ ਇਸਤਰੀ ਨੂੰ ਇਕ ਵਸਤੂ ਸਮਝਣ ਵਾਲਾ ਸੰਕਲਪ ਜੋ ਜਾਗੀਰਦਾਰੀ ਸਮਾਜ ਦੀ ਇੱਕ ਪਹਿਚਾਣ ਦੇ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ ਉਨ੍ਹਾਂ ਦੀ ਮਾਨਸਿਕਤਾ ਦਾ ਹਿੱਸਾ ਬਣ ਕੇ ਪੇਸ਼ ਹੋਇਆ ਹੈ। ਇਸੇ ਸੰਕਲਪ ਦੇ ਸਿੱਟੇ ਵੱਜੋਂ ਉਨ੍ਹਾਂ ਦੀਆਂ ਰਚਨਾਵਾਂ ਵਿਚ ਪੁਰਸ਼ ਉਭਰਵੇਂ ਰੂਪ ਵਿਚ ਪੇਸ਼ ਹੁੰਦੇ ਹਨ। ਇਸ ਮੰਤਵ ਦੀ ਪੂਰਤੀ ਲਈ ਕਿੱਧਰੇ-ਕਿੱਧਰੇ ਉਨ੍ਹਾਂ ਨੇ ਨਾਰੀ ਦੀ ਭੰਡੀ ਕਰਨ ਤੋਂ ਵੀ ਗੁਰੇਜ਼ ਨਹੀਂ ਕੀਤਾ। ਜਿਵੇਂ ਵਾਰਿਸ ਲਿਖਦਾ ਹੈ- 'ਵਾਰਿਸ ਰੰਨ, ਫਕੀਰ ਤਲਵਾਰ, ਘੋੜਾ, ਚਾਰੇ ਥੋਕ ਇਹ ਕਿਸੇ ਦੇ ਯਾਰ ਨਹੀਂ।'

ਜਿਸ ਤਰ੍ਹਾਂ 'ਹੀਰ ਵਾਰਿਸ ਸ਼ਾਹ' ਸਮੁੱਚੇ ਪਜੰਾਬੀ ਕਿੱਸਾ ਕਾਵਿ ਵਿਚ ਸਿਰੋਮਣੀ ਰਚਨਾ ਹੈ। ਉਸੇ ਤਰ੍ਹਾਂ ਜੇਕਰ ਨਾਰੀ ਸਵੈ-ਚੇਤਨਾ ਅਤੇ ਆਜ਼ਾਦ ਪ੍ਰਵਿਰਤੀ ਦੀ ਦ੍ਰਿਸ਼ਟੀ ਤੋਂ ਇਸ ਰਚਨਾ ਦਾ ਵਿਸ਼ਲੇਸ਼ਣ ਕਰੀਏ ਤਾਂ ਇਹ ਰਚਨਾ ਸਿਖ਼ਰਾਂ ਨੂੰ ਛੂੰਹਦੀ ਪ੍ਰਤੀਤ ਹੁੰਦੀ ਹੈ। ਕਿੱਸਾਕਾਰ ਬੇਸ਼ਕ ਫਕੀਰ, ਤਲਵਾਰ ਅਤੇ ਘੋੜੇ ਨਾਲ ਨਾਰੀ ਦੀ ਤੁਲਨਾ ਕਰ ਰਿਹਾ ਹੈ ਪਰ ਨਾਇਕਾ ਹੀਰ ਦੇ ਸੰਘਰਸ਼, ਚੇਤਨਾ ਅਤੇ ਆਜ਼ਾਦ ਪ੍ਰਵਿਰਤੀ ਨੂੰ ਦਬਾਉਣ ਵਿਚ ਸਫ਼ਲ ਨਹੀਂ ਹੋ ਸਕਿਆ। ਕਿੱਸੇ ਵਿਚ ਹੀਰ ਦਾ ਸੰਘਰਸ਼ ਰਾਂਝੇ ਨਾਲੋਂ ਜਿਆਦਾ ਉਭਰਕੇ ਪੇਸ਼ ਹੋਇਆ ਹੈ। ਉਹ ਥਾਂ-ਥਾਂ ਔਰਤ ਦੀ ਆਜ਼ਾਦੀ ਦੇ ਸੰਕਲਪ ਦਾ ਪ੍ਰਤਿਰੂਪ ਬਣਕੇ ਸੰਘਰਸ਼ ਕਰਦੀ ਹੈ।

ਕੋਈ ਵੀ ਮਨੁੱਖ ਆਜ਼ਾਦੀ ਦੀ ਗੱਲ ਸਵੈ-ਚੇਤਨਾ ਦੇ ਜਾਗ੍ਰਿਤ ਹੋਣ ਤੋਂ ਬਿਨਾ ਨਹੀਂ ਕਰ ਸਕਦਾ। ਇਸ ਲਈ ਸਵੈ-ਚੇਤਨਾ ਬਾਰੇ ਗੱਲ ਕਰਨੀ ਜ਼ਰੂਰੀ ਪ੍ਰਤੀਤ ਹੁੰਦੀ ਹੈ। ਸਵੈ-ਚੇਤਨਾ ਤੋਂ ਭਾਵ ਅਸੀਂ ਕਿਸੇ ਵਿਦਰੋਹ/ਦਬਾਉ/ਪ੍ਰੇਰਣਾ/ਆਤਮਿਕ ਚੇਤਨਾ ਨਾਲ ਪੈਦਾ ਹੋਈ ਮਨੁੱਖ ਦੇ ਅੰਦਰ ਦੀ ਚੇਤਨਾ ਤੋਂ ਲੈ ਸਕਦੇ ਹਾਂ। ਸਵੈ-ਚੇਤਨਾ ਬਾਰੇ ਰਿਚਰਡ ਪੀ. ਲਿਪਕਾ ਅਤੇ ਥੋਮਸ ਐਮ. ਬ੍ਰਿਨਥੋਪ ਦਾ ਮੰਨਣਾ ਹੈ ਕਿ -

> **Self consciousness is an acute sense of self awareness. It is a preoccupation with oneself as apposed to the philosophical state of self awareness, which is the awareness that one exists as an indivisual being although some writers use both terms interchangeably or synony mously.**[1]

ਚੇਤਨਾ ਦਾ ਅਰਥ ਜਾਗ੍ਰਿਤ ਹੋਣਾ ਵੀ ਲਿਆ ਜਾ ਸਕਦਾ ਹੈ ਕਿਉਂਕਿ ਉਦੋਂ ਤੱਕ ਕੋਈ ਵੀ ਚੇਤਨ ਨਹੀਂ ਹੋ ਸਕਦਾ ਜਦੋਂ ਤੱਕ ਉਸ ਨੂੰ ਪ੍ਰੇਰਿਤ ਨਾ ਕੀਤਾ ਜਾਵੇ। ਇਹ ਪ੍ਰੇਰਣਾ ਨਕਾਰਾਤਮਕ ਵੀ ਹੋ ਸਕਦੀ ਹੈ ਅਤੇ ਸਾਕਾਰਾਤਮਕ ਵੀ।

'ਹੀਰ ਵਾਰਿਸ ਸ਼ਾਹ' ਵਿਚ ਨਾਰੀ ਦੀ ਸਵੈ-ਚੇਤਨਾ ਪ੍ਰਬਲ ਦ੍ਰਿਸ਼ਟੀ ਨਾਲ ਉਜਾਗਰ ਹੁੰਦੀ ਹੈ ਜੋ ਔਰਤ ਦੀ ਆਜ਼ਾਦੀ ਦੇ ਪ੍ਰਵਚਨ ਦਾ ਆਧਾਰ ਬਣਦੀ ਹੈ। ਇਹ ਸਵੈ-ਚੇਤਨਾ ਜ਼ਿਆਦਾਤਰ ਸਮਾਜਿਕ ਵਰਤਾਰੇ ਨਾਲ ਟੱਕਰ ਦੀ ਸਥਿਤੀ ਵਿਚੋਂ ਪੈਦਾ ਹੁੰਦੀ ਹੈ। ਹੀਰ ਅਤੇ ਰਾਂਝੇ ਦੀ ਪਹਿਲੀ ਮੁਲਾਕਾਤ ਤੋਂ ਹੀ ਹੀਰ ਦੀ ਆਜ਼ਾਦ ਪ੍ਰਵਿਰਤੀ ਨਜ਼ਰ ਆਉਂਦੀ ਹੈ। ਰਾਂਝਾ ਹੀਰ ਦੇ ਪਲੰਘ ਤੇ ਆਰਾਮ ਕਰ ਰਿਹਾ ਹੁੰਦਾ ਹੈ ਤਾਂ ਹੀਰ ਆਪਣੇ ਪਲੰਘ ਤੇ ਕਿਸੇ ਮਰਦ ਨੂੰ ਸੁੱਤਾ ਵੇਖ ਕੇ ਗੁੱਸੇ ਨਾਲ ਭਰ ਜਾਂਦੀ ਹੈ। ਇਥੇ ਹੀਰ ਦੀ ਪ੍ਰਤਿਕ੍ਰਿਆ ਵੇਖਣ ਵਾਲੀ ਹੈ :

> **ਮੈਂ ਤਾਂ ਧੂ ਕੇ ਪਲੰਘ ਤੋਂ ਚਾਇ ਸੁੱਟਾਂ,**
> **ਆਇਆ ਕਿਧਰੋਂ ਇਹ ਬਾਦਸ਼ਾਹ ਮੈਨੂੰ ।**
> **ਨਹੀਂ ਪਲੰਘ ਤੇ ਏਸ ਨੂੰ ਟਿਕਣ ਦੇਣਾ,**
> **ਲਾਇ ਰਹੇਗਾ ਲੱਖ ਜੇ ਵਾਹ ਮੈਨੂੰ ।**
> **ਨਾਢੂ ਸ਼ਾਹ ਪੁੱਤ ਕਿ ਸ਼ੇਰ ਹਾਥੀ,**
> **ਪਾਸ ਢੁੱਕਿਆ ਲਏਗਾ ਢਾਹ ਮੈਨੂੰ।''**[2]

ਵਾਰਿਸ ਸ਼ਾਹ ਹੀਰ ਦੀ ਚੇਤਨਾ ਮੂਲਕ ਤਸਵੀਰ ਵਿਚ ਆਪਣੀ ਸੋਚਣੀ ਦੇ ਰੰਗ ਭਰਦਾ ਹੋਇਆ ਜਾਗੀਰਦਾਰੀ ਸਮਾਜ ਵਿਚ ਔਰਤ ਦੀ ਆਜ਼ਾਦ ਪ੍ਰਵਿਰਤੀ ਨੂੰ ਉਜਾਗਰ ਕਰ ਜਾਂਦਾ ਹੈ। ਉਸ ਸਮੇਂ ਦੇ ਸਮਾਜ ਵਿਚ ਔਰਤ ਦਾ ਇਕ ਅਜਨਬੀ ਨੂੰ ਬੇਪ੍ਰਵਾਹ ਅਤੇ ਬੇਖ਼ੌਹ ਹੋ ਕੇ ਜਗਾਉਣਾ ਬਹੁਤ ਵੱਡੀ ਗੱਲ ਹੈ। ਸੁਖਵਿੰਦਰ ਕੌਰ ਸੰਧੂ ਹੀਰ ਬਾਰੇ ਆਪਣੇ ਵਿਚਾਰ ਇੰਜ ਪ੍ਰਗਟ ਕਰਦੇ ਹਨ :

> **''ਹੀਰ ਚੰਗੇ ਸਾਮੰਤੀ ਘਰਾਣੇ ਦੀ ਅਮੀਰਜਾਦੀ ਸੀ ਜੋ ਕਿ ਆਪਣੀਆਂ ਸੱਠ ਸਹੇਲੀਆਂ ਨਾਲ ਨਿਡਰ ਹੋ ਕੇ ਵਿਚਰਦੀ ਸੀ। ਉਸ ਦਾ ਆਪਣੀਆਂ ਸਹੇਲੀਆਂ ਵਿਚ ਬੜਾ ਦਬਦਬਾ ਹੋਣ ਕਰਕੇ ਕਿਸੇ ਦੀ ਹਿੰਮਤ ਨਹੀਂ ਸੀ ਕਿ ਕੋਈ ਉਸ ਦੇ ਪਲੰਘ 'ਤੇ ਬੈਠ ਸਕੇ।''**[3]

'ਹੀਰ ਵਾਰਿਸ ਸ਼ਾਹ' ਵਿਚ ਹੀਰ ਦਾ ਸਿਰਫ਼ ਵਿਦਰੋਹੀ ਰੂਪ ਹੀ ਦ੍ਰਿਸ਼ਟੀਗੋਚਰ ਨਹੀਂ ਹੁੰਦਾ ਸਗੋਂ ਰਾਂਝੇ ਨਾਲ ਇਸ਼ਕ ਨੂੰ ਤੋੜ ਨਿਭਾਉਣ ਲਈ ਹਰ ਪਰੀਖਿਆ ਦੇਣ ਲਈ ਤਿਆਰ ਰਹਿੰਦੀ ਹੈ। ਰਾਂਝੇ ਨੂੰ ਪਾਉਣ ਲਈ ਹੀਰ ਦਾ ਸਮੁੱਚੇ ਸਮਾਜ ਅਤੇ ਭਾਈਚਾਰੇ ਨਾਲ ਅੰਤਿਮ ਸਮੇਂ ਤੱਕ ਵਿਦਰੋਹ ਚੱਲਦਾ ਰਹਿੰਦਾ ਹੈ। ਅਸਲ ਵਿਚ ਇਸ਼ਕ ਕਮਾਉਣਾ ਖਾਲਾ ਜੀ ਦਾ ਵਾੜਾ ਨਹੀਂ ਹੈ। ਇਸ ਵਿਚ ਸਿਰ ਧੜ ਦੀ ਬਾਜ਼ੀ ਲਾ ਕੇ ਹੀ ਪ੍ਰੇਮੀ ਨੂੰ ਪਾਇਆ ਜਾ ਸਕਦਾ ਹੈ। ਹੀਰ ਰਾਂਝੇ ਨੂੰ ਆਪਣੇ ਪਿਆਰ ਦੀ ਸੱਚਾਈ ਅਤੇ ਗਹਿਰਾਈ ਦਾ ਸਬੂਤ ਦੇਣ ਲਈ ਮਾਂ-ਪਿਉਂ ਦੀ ਸੌਂਹ ਖਾਂਦੀ ਹੋਈ ਕਹਿੰਦੀ ਹੈ :

''ਮੈਨੂੰ ਬਾਬਲੇ ਦੀ ਕਸਮ ਰਾਂਝਿਆ ਵੇ,
ਮਰੇ ਮਾਂਉਂ ਜੇ ਤੁਧ ਥੀਂ ਮੁਖ ਮੋੜਾਂ ।
ਤੇਰੇ ਬਾਝ ਤੁਆਮ ਹਰਾਮ ਮੈਨੂੰ,
ਤੁਧ ਬਾਝ ਨਾ ਨੈਣ ਨਾ ਅੰਗ ਜੋੜਾਂ।
ਖ਼ੁਆਜ਼ਾ ਖ਼ਿਜਰ ਤੇ ਬੈਠ ਕੇ ਕਸਮ ਖਾਧੀ,
ਥੀਵਾਂ ਸੂਰ ਜੇ ਪ੍ਰੀਤ ਕੀ ਰੀਤ ਤੋੜਾਂ,
ਕੁਹੜੀ ਹੋਇ ਕੇ ਨੈਣ ਪਰਾਣ ਜਾਵਣ,
ਵਾਰਿਸਸ਼ਾਹ ਦੇ ਬਾਝ ਜੇ ਕੰਤ ਲੋੜਾਂ।''[4]

ਹੀਰ ਇਕ ਚੰਗੇ ਖਾਨਦਾਨ ਦੀ ਕੁੜੀ ਸੀ। ਉਹ ਸਮੁੱਚੇ ਸਮਾਜ ਅਤੇ ਭਾਈਚਾਰੇ ਦੀ ਇੱਜਤ ਤੇ ਮਾਣ ਦਾ ਪ੍ਰਤੀਕ ਸੀ। ਰਾਂਝੇ ਨਾਲ ਬੇਦਾਗ਼ ਇਸ਼ਕ ਨਿਭਾਉਣ ਲਈ ਹੀਰ ਸਿਰਫ਼ ਕਸਮਾਂ ਹੀ ਨਹੀਂ ਖਾਂਦੀ ਸਗੋਂ ਸਮੁੱਚੇ ਸਮਾਜ ਅਤੇ ਭਾਈਚਾਰੇ ਨਾਲ ਦੋ ਹੱਥ ਕਰਦੀ ਹੋਈ ਆਪਣੀ ਆਜ਼ਾਦ ਪ੍ਰਵਿਰਤੀ ਨੂੰ ਪ੍ਰਮਾਣਿਤ ਕਰਦੀ ਹੈ।

ਕਿਸੇ ਨੇ ਸਹੀ ਆਖਿਆ ਹੈ ਕਿ ਇਸ਼ਕ ਛੁਪਾਇਆ ਛੁਪਦਾ ਨਹੀਂ, ਇਹ ਜਗ ਜਾਹਿਰ ਹੋ ਹੀ ਜਾਂਦਾ ਹੈ। ਹੀਰ ਅਤੇ ਰਾਂਝੇ ਦੇ ਇਸ਼ਕ ਦਾ ਪਤਾ ਸੱਭ ਤੋਂ ਪਹਿਲਾਂ ਹੀਰ ਦੇ ਚਾਚੇ ਕੈਦੋ ਨੂੰ ਲੱਗਦਾ ਹੈ। ਹੀਰ ਦੀ ਸਮਾਜਿਕ ਮਰਿਆਦਾ ਨਾਲ ਟੱਕਰ ਸ਼ੁਰੂ ਹੋ ਜਾਂਦੀ ਹੈ। ਕੈਦੋਂ ਹੀਰ ਦੀ ਮਾਂ ਅਤੇ ਪਿਉ ਨੂੰ ਹੀਰ ਦੇ ਇਸ਼ਕ ਬਾਰੇ ਦੱਸਦਾ ਹੈ, ਪਰ ਵੱਡੇ ਲੋਕ ਇਹ ਮੰਨ ਹੀ ਨਹੀਂ ਸਕਦੇ ਕਿ ਉਹਨਾਂ ਦੀ ਧੀ ਇਕ ਚਾਕ (ਨੌਕਰ) ਨਾਲ ਇਸ਼ਕ ਕਮਾ ਕੇ ਉਨ੍ਹਾਂ ਦੀ ਇੱਜਤ ਨੂੰ ਦਾਗ ਲਾਉਣ ਦੀ ਹਿਮਾਕਤ ਕਰ ਸਕਦੀ ਹੈ। ਇਸ਼ਕ ਅਤੇ ਮਰਿਆਦਾ ਦੀ ਲੁੱਕਣ ਮੀਟੀ ਸ਼ੁਰੂ ਹੋ ਜਾਂਦੀ ਹੈ। ਕੁਲਵੰਤ ਕੌਰ ਇਸ ਸੰਦਰਭ ਵਿਚ ਆਪਣੇ ਵਿਚਾਰ ਇੰਜ ਪ੍ਰਗਟ ਕਰਦੀ ਹੈ :

> ''ਇਸ਼ਕ ਆਪਣਾ ਕੰਮ ਜੰਗਲ ਬੇਲਿਆਂ ਵਿਚ ਕਰਦਾ ਹੈ ਜਦੋਂ ਕਿ ਮਰਿਆਦਾ ਆਪਣਾ ਕੰਮ ਘਰ-ਪਰਿਵਾਰ ਤੇ ਸੱਥ ਵਿਚ ਕਰਦੀ ਹੈ। ਇਸ਼ਕ ਕਰਨ ਵਾਲੇ ਤਾਂ ਸਮਾਜ ਤੋਂ ਚੋਰੀ ਕਰ ਰਹੇ ਹਨ, ਪਰ ਸਮਾਜ ਵਾਲਿਆਂ ਨੂੰ ਆਪਣੇ ਆਪ 'ਤੇ ਆਪਣੇ ਖ਼ੂਨ 'ਤੇ ਆਪਣੇ ਵੱਡੇ ਪਰਿਵਾਰ ਹੋਣ 'ਤੇ ਅਤੇ ਆਪਣੀ ਅਣਖ ਤੇ ਗੈਰਤ ਉਪਰ ਇਤਬਾਰ ਹੈ। ਇਸ ਲਈ ਉਹ ਇਸ ਗੱਲ ਵਿਚ ਯਕੀਨ ਹੀ ਨਹੀਂ ਕਰ ਸਕਦੇ ਕਿ ਉਨ੍ਹਾਂ ਦੀ ਧੀ ਕਿਸੇ ਚਾਕ ਨਾਲ ਇਸ਼ਕ ਕਰਦੀ ਹੈ।''[6]

ਹੀਰ ਰਾਂਝੇ ਦੇ ਖਾਣ ਲਈ ਬੇਲਿਆਂ ਵਿਚ ਚੂਰੀ ਲੈ ਕੇ ਜਾਂਦੀ ਸੀ। ਕੈਦੋਂ ਚੂਰੀ ਦਾ ਸਹਾਰਾ ਲੈ ਕੇ ਉਨ੍ਹਾਂ ਦੇ ਇਸ਼ਕ ਨੂੰ ਜੱਗ ਜ਼ਾਹਿਰ ਕਰ ਦਿੰਦਾ ਹੈ। ਚੂਰੀ ਕਿੱਸੇ ਵਿਚ ਵਿਸ਼ੇਸ਼ ਥਾਂ ਰੱਖਦੀ ਹੈ ਕਿਉਂਕਿ :

> ''ਇਕ ਪਾਸੇ ਤੋਂ ਇਹ ਇਤਿਹਾਸਿਕ ਸਮਾਜਿਕ ਉਸਾਰੀ ਕਾਸ਼ਤਕਾਰੀ ਦੀ ਸਟੇਜ ਪ੍ਰਗਟ ਕਰਦੀ ਹੈ। ਚੂਰੀ ਉਸ ਇਤਿਹਾਸਕ ਦੌਰ ਦੀ ਪਿੰਡ ਦੀ ਜ਼ਿੰਦਗੀ ਦੀ ਨਿਆਮਤ ਦੀ ਸਿੱਖ਼ਰ ਹੈ ਪਰ ਲੱਭਦੀ ਰਾਠਾਂ ਨੂੰ ਹੀ ਹੈ, ਚਾਕਾਂ ਨੂੰ ਨਹੀਂ। ਇਸ ਵਾਸਤੇ ਹੀ ਹੀਰ ਦੇ ਇਸ਼ਕ ਦਾ ਪਾਜ ਖੋਲ੍ਹਦੀ ਹੈ। ਦੂਜੇ ਪਾਸੇ ਇਤਿਹਾਸਕ ਅੰਗ ਦੇ ਨਾਲ ਹੀ ਇਸ ਦਾ ਜਮਾਤੀ ਅੰਗ ਹੈ। ਇਤਿਹਾਸਕ ਜਮਾਤੀ ਅੰਗ ਤੇ ਹੀ ਬਸ ਨਹੀਂ। ਹੀਰ ਦੀ ਆਪਣੀ ਦਸ਼ਾ ਤੇ ਉਸ ਦੇ ਯਾਰ ਨਾਲ ਰਿਸ਼ਤੇ ਦਾ ਹੀ ਇਜ਼ਹਾਰ ਕਰਦੀ ਹੈ। ਹੀਰ ਦੇ ਰਾਂਝੇ ਨਾਲ ਇਸ਼ਕ ਦੀ ਸ਼ਿੱਦਤ ਦੱਸਦੀ ਹੈ। ਹੀਰ ਦੇ ਦਿਲ ਦੀ ਰਾਂਝੇ ਤੋਂ ਘੋਲ ਘੁਮਾਈ ''ਯਾਰਾ ਤੇਰਾ ਘੁੱਟ ਭਰ ਲਾਂ'' ਵਾਲੀ ਹਾਲਤ ਸਾਹਮਣੇ ਲਿਆਉਂਦੀ ਹੈ। ਇਸ਼ਕ ਦੇ ਮੈਦਾਨ ਵਿਚ ਹੀਰ ਦਾ ਰਾਂਝੇ ਨਾਲੋਂ ਅੱਗੇ ਤੇ ਸਵਾਈ ਹੋਣਾ ਪਰਪੱਖ ਕਰਦੀ ਹੈ। 'ਰਾਂਝੇ ਰੱਬ ਦੇ ਵਿਚ ਜੇ ਫਰਕ ਜਾਣਾ ਦਰਜ਼ੇ ਇਸ਼ਕ ਦੇ ਡਰੀਨ 'ਕਾਜ਼ੀ' ਵਾਲੀ ਹਾਲਤ ਵੱਲ ਧਿਆਨ ਦਿਵਾਉਂਦੀ

> ਹੈ। ਘਿਉ ਨਾਲ ਚੌਂਦੀ ਨੁਚੜਦੀ ਚੂਰੀ ਇਸ਼ਕ ਨੂੰ ਦੋ ਦਿਲਾਂ ਦੀ ਰਸਾਈ ਦੇ ਸਵਾਦ ਨੂੰ ਪੇਸ਼ ਕਰਨ ਦਾ ਕਿਆ ਸੁਹਣਾ ਵਸੀਲਾ ਹੈ।''[6]

ਸਵੈ-ਚੇਤਨਾ ਅਤੇ ਆਜ਼ਾਦ ਰਹਿਣ ਦੀ ਪ੍ਰਵਿਰਤੀ ਹੀਰ ਦੀ ਮਾਨਸਿਕਤਾ ਵਿਚ ਵੱਸ ਚੁੱਕੀ ਹੈ। ਰਾਂਝੇ ਨਾਲ ਇਸ਼ਕ ਦੀ ਤੋੜ ਨਿਭਾਉਣ ਲਈ ਉਹ ਭਾਈਚਾਰੇ ਅਤੇ ਸਮਾਜ ਦੇ ਵਿਰੁੱਧ ਜਾਨ ਦੀ ਬਾਜ਼ੀ ਲਗਾਉਣ ਲਈ ਹਰ ਪਲ ਤਿਆਰ ਹੈ। ਇਸ ਲਈ ਧੋਖੇ ਨਾਲ ਰਾਂਝੇ ਤੋਂ ਚੂਰੀ ਮੰਗ ਕੇ ਲੈ ਜਾਂਦੇ ਚਾਚੇ ਕੈਦੋ ਨੂੰ ਹੀਰ ਵੈਰੀਆਂ ਵਾਂਗ ਲਲਕਾਰਦੀ ਹੋਈ ਜ਼ਮੀਨ ਤੇ ਸੁੱਟ ਦਿੰਦੀ ਹੈ। ਹੀਰ ਦਾ ਆਪਣੇ ਭਾਈਚਾਰੇ ਸਾਹਮਣੇ ਅਜਿਹਾ ਵਿਦਰੋਹੀ ਰੂਪ ਧਾਰਨ ਕਰਨਾ ਵਰਣਨਯੋਗ ਘਟਨਾ ਹੈ। ਸੰਘਰਸ਼ ਸਵੈ-ਚੇਤਨਾ ਅਤੇ ਆਜ਼ਾਦੀ ਦੀ ਪਹਿਲੀ ਨਿਸ਼ਾਨੀ ਹੈ। ਇਸ ਤੋਂ ਬਿਨਾਂ ਮਨੁੱਖ ਬਹਾਦਰੀ ਦੇ ਕੰਮ ਨਹੀਂ ਕਰ ਸਕਦਾ। ਜਿਵੇਂ :

> ਮਿਲੀ ਰਾਹ ਵਿਚ ਦੋੜ ਕੇ ਜਾ ਨਢੀ,
> ਪਹਿਲੇ ਨਾਲ ਫ਼ਰੇਬ ਦੇ ਚੱਟਿਆ ਸੂ ।
> ਨੇੜੇ ਆਣ ਕੇ ਸੀਂਹਣੀ ਵਾਂਗ ਗੱਜੀ,
> ਅੱਖੀਂ ਰੋਹ ਦਾ ਨੀਰ ਪਲੱਟਿਆ ਸੂ ।
> ਸਿਰੋਂ ਲਾਹ ਟੋਪੀ, ਗਲੋਂ ਤੋੜ ਸੇਲ੍ਹੀ,
> ਲੱਕੋਂ ਚਾਇ ਕੇ ਜ਼ਿਮੀਂ ਤੇ ਸੱਟਿਆ ਸੂ।
> ਪਕੜ ਜਿਮੀਂ ਤੇ ਮਾਰਿਆ ਨਾਲ ਗੁੱਸੇ,
> ਧੋਬੀ ਪਟੜੇ ਤੇ ਖੇਸ ਜਿਉਂ ਛੱਟਿਆ ਸੂ ।
> ਵਾਰਿਸਸ਼ਾਹ, ਫਰਿਸ਼ਤਿਆ ਅਰਸ਼ ਉਤੋਂ,
> ਸ਼ੈਤਾਨ ਨੂੰ ਜ਼ਿਮੀ ਤੇ ਸੱਟਿਆ ਸੂ।''[7]

ਹੀਰ ਵਿਚ ਸਵੈ-ਚੇਤਨਾ ਅਤੇ ਸਵਾਭਿਆਨ ਇੰਨਾ ਜ਼ਿਆਦਾ ਕਿ ਉਹ ਸ਼ੀਹਣੀ ਵਾਂਗ ਚਾਚੇ ਕੈਦੋ ਨੂੰ ਜਮੀਨ 'ਤੇ ਢਾਹ ਕੇ ਚੂਰੀ ਬਾਰੇ ਪੁੱਛਦੀ ਹੈ। ਹੀਰ ਦਾ ਰੋਹ ਵਿਚ ਆਉਣਾ ਨਾਰੀ ਦੇ ਵੱਖਰੇ ਰੂਪ ਦੇ ਦਰਸ਼ਨ ਕਰਾਉਂਦਾ ਹੈ। ਇਸ ਪੱਖ ਤੋਂ ਹੀਰ ਦਾ ਪਿਆਰ ਇੰਨਕਲਾਬੀ ਸ਼੍ਰੇਣੀ ਵਿਚ ਆਉਂਦਾ ਹੈ। ਕਿਸ਼ਨ ਸਿੰਘ ਵੀ ਹੀਰ ਦੇ ਪਿਆਰ ਨੂੰ ਇਨਕਲਾਬੀ ਕਦਮ ਮੰਨਦਾ ਹੋਇਆ ਇਸਦੀ ਸਲਾਘਾ ਕਰਦਾ ਹੈ :

> ''ਵਾਰਿਸ ਸ਼ਾਹ ਹੀਰ ਦੇ ਇਸ਼ਕ ਦਾ ਹਾਮੀ ਹੈ ਜੋ ਕੁੜੀ ਮੁੰਡੇ ਦਾ ਪ੍ਰਸਪਰ ਪਿਆਰ ਦੀ ਚੋਣ ਮਾਪਿਆਂ ਦੇ ਵਰ ਲੱਭਣ ਦੇ ਖਿਲਾਫ਼ ਇਨਕਲਾਬੀ ਤਬਦੀਲੀ ਹੈ। ਹੀਰ ਦਾ ਰਾਂਝੇ ਨੂੰ ਮੰਗਣਾ ਸਮਾਜ ਦੇ ਖਿਲਾਫ਼ ਬਗ਼ਾਵਤ ਹੈ ਅਤੇ ਇਸ ਰਿਸ਼ਤੇ ਬਾਬਤ ਵਾਰਿਸ ਸ਼ਾਹ ਫਿਊਡਲ ਦੀ ਜਮਾਤੀ ਪੋਜੀਸ਼ਨ ਦੇ ਬਰਖਿਲਾਫ਼ ਇਨਸਾਨੀਅਤ ਦੀ ਪੋਜੀਸ਼ਨ ਲੈਂਦਾ ਹੈ। ਇਹ ਬੁਨਿਆਦੀ ਇਨਕਲਾਬੀ ਤਬਦੀਲੀ ਹੈ। ਇਸ ਵਾਸਤੇ ਹੀ ਨਾਇਕਾ ਹੀਰ ਇਨਕਲਾਬ ਦਾ ਚਿੱਤਰ ਹੈ।''[8]

ਹੀਰ ਅਤੇ ਉਸਦੀ ਸਹੇਲਿਆਂ ਦੀ ਜਦੋਂ-ਜਹਿਦ ਦੇ ਬਾਵਜੂਦ ਵੀ 'ਚੂਰੀ' ਕੈਦੋ ਦਾ ਸਾਥ ਦੇ ਕੇ ਹੀਰ ਅਤੇ ਰਾਂਝੇ ਦੇ ਪਿਆਰ ਦਾ ਭੇਦ ਖੋਲਦੀ ਹੋਈ ਤ੍ਰਾਸਦਿਕ ਸਥਿਤੀ ਸਿਰਜਣ ਦਾ ਮਾਧਿਅਮ ਬਣ ਜਾਂਦੀ ਹੈ। ਹੀਰ ਦੇ ਮਾਪੇ ਰਾਂਝੇ ਨੂੰ ਘਰੋਂ ਕੱਢ ਦਿੰਦੇ ਹਨ ਅਤੇ ਹੀਰ ਦਾ ਵਿਆਹ ਸੈਦੇ ਖੇੜੇ ਨਾਲ ਪੱਕਾ ਕਰ ਦਿੰਦੇ ਹਨ। ਅਸਲ ਵਿਚ ਜਾਗੀਰਦਾਰੀ ਪ੍ਰਬੰਧ ਵਿਚ ਆਮ ਕਰਕੇ ਵਿਆਹ ਦਾ ਨਿਰਣਾ ਤੇ ਪ੍ਰਬੰਧ ਸਾਰਾ ਮਾਪਿਆਂ ਦੀ ਇੱਛਾ ਅਧੀਨ ਹੁੰਦਾ ਹੈ। ਨੌਜਵਾਨ ਮੁੰਡੇ ਕੁੜੀ ਦੀ ਮਰਜ਼ੀ ਦੇ ਵਿਰੁੱਧ ਵੀ ਵਿਆਹ ਕੀਤਾ ਜਾਂਦਾ ਹੈ ਤੇ ਉਹ ਲਾਚਾਰ ਹੋ ਕੇ ਇਸ ਨੂੰ ਮੰਨ ਲੈਂਦੇ ਹਨ। ਪਰ ਕਈ ਜੋੜੇ ਇਸ ਜਬਰ ਦੇ ਵਿਰੁੱਧ ਬਗ਼ਾਵਤ ਵੀ ਕਰ ਦਿੰਦੇ ਹਨ। ਉਨ੍ਹਾਂ ਦਾ ਸੰਘਰਸ਼ ਬੇਸ਼ਕ ਭਾਈਚਾਰੇ ਅਤੇ ਸਮਾਜ ਦੇ ਸਾਹਮਣੇ ਸਫ਼ਲ ਨਹੀਂ ਹੋ ਸਕਦਾ ਪਰ ਸਾਧਾਰਨ ਲੋਕ ਇਸ ਦੀ ਸ਼ਲਾਘਾ ਕਰਨ ਤੋਂ ਰਹਿ ਨਹੀਂ ਸਕਦੇ ।

ਲਗਭਗ ਹਰ ਯੁੱਗ ਵਿਚ ਨਾਰੀ ਦੇ ਖੁੱਲ੍ਹੇ ਵਿਚਾਰਾਂ ਨੂੰ ਸਮਾਜਕ ਕਦਰਾਂ-ਕੀਮਤਾਂ ਅਤੇ ਮਰਿਆਦਾ ਰੂਪੀ ਜੰਦਰਾ ਲਗਾਉਣ ਦੀ ਕੋਸ਼ਿਸ਼ ਜਾਰੀ ਰਹਿੰਦੀ ਹੈ। ਵਾਰਿਸ ਦੀ ਹੀਰ ਵਿਚ ਹੀਰ

ਦੀ ਮਾਂ ਮਲਕੀ ਇਹ ਕੰਮ ਕਰਦੀ ਹੈ। ਇਕ ਮਾਂ ਦੇ ਰੂਪ ਵਿਚ ਉਹ ਜਾਣਦੀ ਹੈ ਕਿ ਸਮਾਜਿਕ ਵਰਤਾਰਾ ਇਸ ਗੱਲ ਨੂੰ ਕਦੇ ਸਵੀਕਾਰ ਨਹੀਂ ਕਰੇਗਾ ਕਿ ਹੀਰ ਦਾ ਰਿਸ਼ਤਾ ਚਾਕ ਨਾਲ ਕੀਤਾ ਜਾਵੇ। ਜਾਗੀਰਦਾਰੀ ਸਮਾਜ ਵਿਚ ਉੱਚੀ ਜਾਤ ਦੇ ਲੋਕੀ ਆਪਣੀ ਅਣਖ ਨਾਲ ਜਿਉਣਾ ਪਸੰਦ ਕਰਦੇ ਹਨ। ਇਸ ਲਈ ਇਕ ਚੌਧਰੀ ਦੀ ਧੀ (ਹੀਰ) ਦਾ ਚਾਕ/ਨੌਕਰ (ਰਾਂਝੇ) ਨਾਲ ਇਸ਼ਕ ਕਰਨਾ ਸਮਾਜ ਲਈ ਵੰਗਾਰ ਹੈ। ਮਲਕੀ ਜੋ ਪਰਿਵਾਰਿਕ ਰਿਸ਼ਤਿਆਂ ਵਿਚ ਕੜੀ ਹੋਣ ਦੇ ਨਾਲ-ਨਾਲ ਸਮਾਜ ਦਾ ਵੀ ਇਕ ਹਿੱਸਾ ਹੈ ਆਪਣੀ ਧੀ ਹੀਰ ਦੇ ਭਵਿੱਖ ਬਾਰੇ ਚਿੰਤਾਤੁਰ ਹੈ। ਉਹ ਹੀਰ ਨੂੰ ਰਾਂਝੇ ਨਾਲ ਪਿਆਰ ਕਰਨ ਦੀ ਗ਼ਲਤੀ ਦਾ ਅਹਿਸਾਸ ਕਰਾਉਣ ਦੀ ਹਰ ਸੰਭਵ ਕੋਸ਼ਿਸ਼ ਕਰਦੀ ਹੈ :

**ਤੇਰੇ ਵੀਰ ਸੁਲਤਾਨ ਨੂੰ ਖ਼ਬਰ ਹੋਵੇ,**
**ਫ਼ਿਕਰ ਕਰੇ ਉਹ ਤੇਰੇ ਮੁਕਾਉਣੇ ਦਾ ।**
**ਚੂਚਕ ਬਾਪ ਦੇ ਨਾਮ ਨੂੰ ਲੀਕ ਲਾਈ,**
**ਕੇਹਾ ਫ਼ਾਇਦਾ ਮਾਪਿਆਂ ਤਾਉਣੇ ਦਾ?**
**ਨੱਕ ਵੱਢ ਕੇ ਕੋੜਮਾ ਗਾਲਿਆ ਈ,**
**ਹੋਇਆ ਫਾਇਦਾ ਲਾਡ ਲਡਾਉਣੇ ਦਾ ।**
**ਰਾਤੀਂ ਚਾਕ ਨੂੰ ਚਾਇ ਜਵਾਬ ਦੇਸਾਂ,**
**ਸ਼ੌਕ ਨਹੀਂ ਜੇ ਮਹੀਂ ਚਰਾਉਣੇ ਦਾ ।''**[9]

ਅਸਲ ਵਿਚ ਮਲਕੀ ਹੀਰ ਦੇ ਭਵਿੱਖ ਨੂੰ ਲੈ ਕੇ ਸਹਿਮੀ ਹੋਈ ਹੈ ਕਿਉਂਕਿ ਇਕ ਮਾਂ ਕਦੇ ਸਹਿਨ ਨਹੀਂ ਕਰ ਸਕਦੀ ਕਿ ਉਸਦੀ ਔਲਾਦ ਨੂੰ ਸਮਾਜਿਕ ਮਰਿਆਦਾ ਦੀ ਉਲੰਘਣਾ ਦਾ ਦੋਸੀ ਕਰਾਰ ਦਿੱਤਾ ਜਾਵੇ। ਮਲਕੀ ਦਾ ਹੀਰ ਨੂੰ ਸਮਝਾਉਣਾ ਸਹੀ ਹੈ ਕਿਉਂਕਿ ਮਨੁੱਖ ਸਮਾਜ ਵਿਚ ਰਹਿੰਦਾ ਹੋਇਆ ਆਪਣੀ ਜ਼ਰੂਰਤਾਂ ਸਮਾਜਿਕ ਢਾਂਚੇ ਤੋਂ ਹੀ ਪੂਰੀ ਕਰਦਾ ਹੈ। ਸਮਾਜ ਨਾਲ ਜੁੜੇ ਰਹਿਣ ਲਈ ਸਭਿਆਚਾਰਕ ਤਰੀਕੇ ਨਾਲ ਜ਼ਿੰਦਗੀ ਬਤੀਤ ਕਰਨਾ ਲਾਜ਼ਮੀ ਹੈ। ਜਿਸ ਵਿਚ ਕੁੜੀ ਅਤੇ ਮੁੰਡੇ ਦੇ ਵਿਆਹ ਦਾ ਨਿਰਣਾ ਵੀ ਸ਼ਾਮਿਲ ਹੈ। ਕੁੜੀ ਅਤੇ ਮੁੰਡੇ ਦਾ ਆਪਣੇ ਸਾਥੀ ਦੀ ਸੁਤੰਤਰ ਚੋਣ ਸਮਾਜ ਲਈ ਵੰਗਾਰ ਹੈ। ਮਾਂ ਅਤੇ ਪਿਉ ਚਾਹੁੰਦੇ ਹੋਏ ਵੀ ਆਪਣੇ ਬੱਚਿਆਂ ਦਾ ਸਾਥ ਨਹੀਂ ਦੇ ਸਕਦੇ। ਚੂਚਕ ਜਾਂ ਮਲਕੀ ਚਾਹੇ ਵੀ ਤਾਂ ਉਹ ਸਮਾਜ ਦੇ ਵਿਰੁੱਧ ਜਾ ਕੇ ਹੀਰ ਦਾ ਵਿਆਹ ਰਾਂਝੇ ਨਾਲ ਨਹੀਂ ਕਰ ਸਕਦੇ। ਇਸੇ ਲਈ ਮਲਕੀ ਪਿਉ ਅਤੇ ਭਰਾ ਦਾ ਡਰ ਦਿਖਾ ਕੇ ਹੀਰ ਨੂੰ ਸਮਾਜਿਕ ਮਰਿਆਦਾ ਦੀ ਉਲੰਘਣਾ ਕਰਨ ਤੋਂ ਰੋਕਣ ਦੀ ਕੋਸ਼ਿਸ਼ ਕਰਦੀ ਹੈ ਪਰ ਹੀਰ ਦੀ ਪ੍ਰਤਿਕ੍ਰਿਆ ਵਿਚਾਰਨਯੋਗ ਹੈ :

**ਵਾਰਿਸਸ਼ਾਹ, ਨਾ ਮੁੜਾਂਗੀ ਰਾਂਝਣੇ ਤੋਂ,**
**ਭਾਵੇਂ ਬਾਪ ਦੇ ਬਾਪ ਦਾ ਬਾਪ ਆਵੇ।''**[10]

ਸਵੈ-ਚੇਤਨਾ ਜੋ ਆਜ਼ਾਦ ਪ੍ਰਵਿਰਤੀ ਦਾ ਆਧਾਰ ਹੈ, ਕਿਸੇ ਵੀ ਮਨੁੱਖ ਵਿਚ ਅਦਭੁੱਤ ਸ਼ਕਤੀ ਦਾ ਸੰਚਾਰ ਕਰਦੀ ਹੈ। ਹੀਰ ਦੀ ਇਸ਼ਕ ਵਿਚ ਦ੍ਰਿੜਤਾ ਵੀ ਸਵੈ-ਚੇਤਨਾ ਸਦਕੇ ਹੀ ਹੈ। ਹੀਰ ਦਾ ਪਰਿਵਾਰ ਨਾਲ ਵਿਦਰੋਹ ਕਿੱਸੇ ਵਿਚ ਨਵੇਂ ਸਰੂਪ ਨੂੰ ਜਨਮ ਦਿੰਦਾ ਹੈ ਕਿਉਂਕਿ ਹੀਰ ਨਾਰੀ ਪਾਤਰ ਹੁੰਦਿਆਂ ਸਮੁੱਚੇ ਭਾਈਚਾਰੇ ਵਿਰੁੱਧ ਇੱਕਲੀ ਡੱਟ ਕੇ ਖੜੀ ਰਹਿੰਦੀ ਹੈ।

ਭਾਰਤੀ ਸਮਾਜ ਵਿਚ ਭੈਣ ਭਰਾ ਦੇ ਪਿਆਰ ਦੀ ਗਹਿਰਾਈ ਸਮੁੰਦਰ ਦੀ ਗਹਿਰਾਈ ਤੀਕਰ ਮੰਨੀ ਗਈ ਹੈ। ਭਰਾ ਪਿਆਰ ਵਿਚ ਭੈਣ ਆਪਣੇ ਸਾਰੇ ਸੁੱਖਾਂ ਦਾ ਤਿਆਗ ਕਰ ਸਕਦੀ ਹੈ। ਪੰਜਾਬੀ ਲੋਕ-ਗੀਤਾਂ ਵਿਚ ਵੀ ਭੈਣ-ਭਰਾ ਦੇ ਪਿਆਰ ਦੀ ਨਿੱਘ ਦੇ ਪ੍ਰਮਾਣ ਮਿਲਦੇ ਹਨ। ਪੰਜਾਬੀ ਕਿੱਸਾ-ਕਾਵਿ ਵਿਚ 'ਮਿਰਜਾ ਸਾਹਿਬਾ' ਵਿਚ ਸਾਹਿਬਾਂ 'ਤੇ ਭਰਾਵਾਂ ਦੇ ਪਿਆਰ ਕਰਕੇ ਬੇਵਫ਼ਾਈ ਦਾ ਦੋਸ਼ ਲਾਇਆ ਗਿਆ ਹੈ। ਪਰ 'ਹੀਰ ਦੇ ਸਾਹਮਣੇ ਸਾਹਿਬਾਂ ਵਾਲੀ ਦਵੰਦ ਦੀ ਸਥਿਤੀ ਨਹੀਂ ਹੈ। ਉਹ ਆਪਣੇ ਭਰਾ ਸੁਲਤਾਨ ਨੂੰ ਜੁਆਬ ਦੇਣ ਵਿਚ ਕੋਈ ਗੁਰੇਜ਼ ਨਹੀਂ ਕਰਦੀ। ਜਾਗੀਰਦਾਰੀ ਸਮਾਜ ਵਿਚ ਇਕ ਨਾਰੀ ਦਾ ਭਰਾ ਸਾਹਮਣੇ ਪਿਆਰ ਦੀ ਹਾਮੀ ਭਰਦੇ ਹੋਏ ਆਸ਼ਿਕ ਦਾ ਪੱਖ ਲੈਣਾ ਦਲੇਰੀ ਦਾ ਸੂਚਕ ਹੈ :

ਅਖੀਂ ਲੱਗੀਆਂ ਮੁੜਨ ਨਾ, ਵੀਰ ਮੇਰੇ,
ਬੀਬਾ, ਵਾਰ ਘੱਤੀ, ਬਲਿਹਾਰੀਆਂ ਵੇ।
ਵਹਿਣ ਪਏ ਦਰਿਆ ਨਾ ਕਦੀ ਮੁੜਦੇ,
ਵਡੇ ਲਾਇ ਰਹੇ ਜ਼ੋਰ ਜ਼ਾਰੀਆਂ ਵੇ।
ਲਹੂ ਕੀਕਰਾਂ ਨਿਕਲੇ ਨਹੀਂ, ਭਾਈ,
ਜਿਥੇ ਲਗੀਆਂ ਤੇਜ਼ ਕਟਾਰੀਆਂ ਵੇ।[11]

ਹੀਰ ਪਰਿਵਾਰ ਜਾਂ ਭਾਈਚਾਰੇ ਸਾਹਮਣੇ ਹੀ ਨਹੀਂ ਸਗੋਂ ਧਰਮ ਦੇ ਸਾਹਮਣੇ ਵੀ ਵੱਡਾ ਪ੍ਰਸ਼ਨ ਚਿੰਨ੍ਹ ਬਣ ਕੇ ਪੇਸ਼ ਹੋਈ ਹੈ ਜਦੋਂ ਹੀਰ ਸੈਦੇ ਖੇੜੇ ਨਾਲ ਨਿਕਾਹ ਕਰਨ ਤੋਂ ਇਨਕਾਰੀ ਹੋ ਜਾਂਦੀ ਹੈ ਤਾਂ ਪਰਿਵਾਰ ਕਾਜ਼ੀ ਦੀ ਮਦਦ ਲੈਂਦਾ ਹੈ ਤਾਂ ਜੋ ਉਹ ਸ਼ਰਾ ਕੇ ਨਿਯਮ ਤੋਂ ਜਾਣੂ ਕਰਾ ਕੇ ਹੀਰ ਦੀ ਮਾਨਸਿਕਤਾ ਨੂੰ ਬਦਲ ਸਕੇ। ਹੀਰ ਰਾਂਝੇ ਨਾਲ ਪਈ ਭਾਵੁਕ ਸਾਂਝ ਬਾਰੇ ਪੂਰੀ ਦ੍ਰਿੜ ਹੈ। ਮਾਪਿਆਂ ਤੇ ਕਾਜ਼ੀ ਦੇ ਕਾਰਜ ਨੂੰ ਉਹ ਅਜਾਈ ਸਮਾਂ ਗਵਾਉਣ, 'ਛਾਹ ਨੂੰ ਰੋਕਣ' ਅਤੇ 'ਮੂਤ ਵਿਚੋਂ ਮੱਛੀਆਂ ਟੋਲਣਾ' ਦਸਦੀ ਹੋਈ ਸੰਘਰਸ਼ ਕਰਦੀ ਹੈ। ਕਾਜ਼ੀ ਆਪਣੇ ਆਪ ਨੂੰ ਮਰਿਯਾਦਾ ਪ੍ਰਤੀ ਪ੍ਰਤਿਬੱਧ ਮਹਿਸੂਸ ਕਰਦਾ ਹੋਇਆ ਸੈਦੇ ਖੇੜੇ ਨਾਲ ਨਿਯਤ ਹੋਏ ਨਿਕਾਹ ਨੂੰ 'ਨਬੀ ਹੁਕਮ' ਮੰਨਦਾ ਹੈ। ਰਾਂਝੇ ਨਾਲ ਇਸ਼ਕ 'ਹਰਾਮ' ਅਤੇ 'ਕੁਫਰ' ਸਮਾਨ ਹੈ। ਪਰ ਹੀਰ ਨੂੰ ਖੇੜੇ ਨਾਲ ਵਸਣਾ 'ਈਮਾਨ' ਵੇਚਣ ਬਰਾਬਰ ਹੈ। ਗੁੱਸੇ ਵਿਚ ਕਾਜ਼ੀ 'ਘੱਤ ਕੱਖਾਂ' ਦੇ ਵਿਚ ਸਾੜਾ 'ਸੁੱਟਣ ਦੀ ਗੱਲ' ਕਰਦਾ ਹੈ। ਉਹ 'ਚਾਕ ਰੰਝੇਟੇ ਦਾ ਨਾਉ' ਛੱਡਣ ਅਤੇ 'ਅੱਖਾਂ ਮੀਟ ਕੇ ਵਖਤ ਲੰਘਾਣ' ਦਾ ਦਿਲਾਸਾ ਦੇਂਦਾ ਹੈ। ਹੀਰ ਕਾਜ਼ੀ ਦੀਆਂ ਗੱਲਾਂ ਦਾ ਵਿਰੋਧ ਕਰਦੀ ਹੋਈ ਕਹਿੰਦੀ ਹੈ :

ਰਲੇ ਦਿਲਾਂ ਨੂੰ ਪਕੜ ਵਿਛੋੜ ਦੇਂਦੇ,
ਬੁਰੀ ਬਾਣ ਇਨ੍ਹਾਂ ਹਤਿਆਰਿਆਂ ਨੂੰ ।
ਖਾਵਣ ਵਢੀਆਂ ਨਿੱਤ ਈਮਾਨ ਵੇਚਣ,
ਏਹੁ ਮਾਰ ਹੈ ਕਾਜ਼ੀਆਂ ਸਾਰਿਆਂ ਨੂੰ ।
ਰੱਬ ਦੋਜ਼ਖਾਂ ਨੂੰ ਭਰੇ ਪਾਇ ਬਾਲਣ,
ਕੇਹਾ ਦੋਸ਼ ਹੈ ਇਨ੍ਹਾਂ ਵਿਚਾਰਿਆਂ ਨੂੰ ।
ਵਾਰਿਸ ਸ਼ਾਹ ਮੀਆਂ, ਬਣੀ ਬਹੁਤ ਔਖੀ,
ਨਹੀਂ ਜਾਣਦੀ ਸਾਂ ਇਨ੍ਹਾਂ ਕਾਰਿਆਂ ਨੂੰ ।[12]

ਇਸ਼ਕ ਦੇ ਕਿੱਸਿਆਂ ਵਿਚ ਨਾਰੀ ਦੁਆਰਾ ਸਾਥੀ ਦੀ ਸੁਤੰਤਰ ਚੋਣ ਨੂੰ ਸਮਾਜ ਕਦੇ ਪ੍ਰਵਾਨ ਨਹੀਂ ਚੜ੍ਹਨ ਦਿੰਦਾ ਜਦੋਂ ਹੀਰ ਖੇੜੇ ਨਾਲ ਨਿਕਾਹ ਕਰਵਾਉਣ ਤੋਂ ਸਪੱਸ਼ਟ ਇਨਕਾਰ ਕਰ ਦਿੰਦੀ ਹੈ ਤਾਂ ਕਾਜ਼ੀ ਰਿਸ਼ਵਤ ਲੈ ਕੇ ਧੱਕੇ ਨਾਲ ਇਸ ਨਿਕਾਹ ਨੂੰ ਨੇਪਰੇ ਚੜਾਉਂਦਾ ਹੈ। ਕਾਜ਼ੀ ਅਤੇ ਬ੍ਰਾਹਮਣ ਨੂੰ ਧਰਮ ਅਤੇ ਨਿਆਂ ਦਾ ਰੂਪ ਮੰਨਿਆ ਜਾਂਦਾ ਹੈ ਤਾਂ ਹੀ ਪਰਿਵਾਰਿਕ ਮਸਲਿਆਂ ਵਿਚ ਵੀ ਉਨ੍ਹਾਂ ਨੂੰ ਸ਼ਾਮਿਲ ਕਰ ਲਿਆ ਜਾਂਦਾ ਸੀ। ਕਾਜ਼ੀ ਅਤੇ ਬ੍ਰਾਹਮਣ ਦੁਆਰਾ ਵੱਢੀ ਲੈ ਕੇ ਗਲਤ ਕੰਮ ਨੂੰ ਧਰਮ ਦੀ ਆੜ ਵਿਚ ਸਿਰੇ ਚੜ੍ਹਾ ਦੇਣਾ ਸਮਾਜਕ ਨਿਘਾਰ ਵੱਲ ਸੰਕੇਤ ਕਰਦਾ ਹੈ। ਡਾ. ਅਮਰਜੀਤ ਸਿੰਘ ਕਾਂਗ ਆਪਣੇ ਵਿਚਾਰ ਪੇਸ਼ ਕਰਦੇ ਹੋਏ ਲਿਖਦੇ ਹਨ :

> ''ਕਾਜ਼ੀ ਜੋ ਅੱਲਾਹ ਤੇ ਧਰਮ ਦਾ ਨੁਮਾਇੰਦਾ ਹੋਣਾ ਚਾਹੀਦਾ ਸੀ, ਉਹੀ ਇਸ਼ਕ ਦੀ ਸਭ ਤੋਂ ਤਿੱਖੀ ਵਿਰੋਧਤਾ ਕਰਦਾ ਹੈ। ਕਾਜ਼ੀ ਜਿੱਥੇ ਨਿਆਸਰੀ ਧਿਰ ਦੇ ਦੁਖਾਂਤ ਨੂੰ ਗੰਭੀਰ ਬਣਾਉਂਦਾ ਹੈ, ਉਥੇ ਉਸ ਦੇ ਇਸ ਕਿਰਦਾਰ ਰਾਹੀਂ ਇਹ ਤੱਥ ਵੀ ਉਭਰਦਾ ਹੈ ਕਿ ਕੁਰਾਨ ਦੀ ਵਿਆਖਿਆ ਵੀ ਕੁਰਾਨ ਦੇ ਵਿਰੋਧ ਵਿਚ ਕੀਤੀ ਜਾ ਰਹੀ ਹੈ। ਵਾਰਿਸ ਦੀ ਤਿੱਖੀ ਵਿਵੇਕ ਬੁੱਧੀ ਨੇ ਹਰ ਉਸ ਧਿਰ ਦੇ ਕਰਮ ਦੀ ਵਿਆਖਿਆ ਕੀਤੀ ਹੈ ਜੋ ਕਿੱਸੇ ਅੰਦਰ ਤ੍ਰਾਸਦੀ ਪੈਦਾ ਕਰਨ ਕਰਵਾਉਣ ਵਿਚ ਭਾਗੀਦਾਰ ਬਣਦੇ ਹਨ।''[13]

ਬੇਸ਼ਕ ਕਾਜ਼ੀ ਹੀਰ ਦਾ ਨਿਕਾਹ ਵੱਢੀ ਲੈ ਕੇ ਕਰਾ ਦਿੰਦਾ ਹੈ ਪਰ ਹੀਰ ਸੈਦੇ ਖੇੜੇ ਦੇ ਘਰ ਜਾ ਕੇ ਵੀ ਆਪਣੀ ਆਜ਼ਾਦ ਪ੍ਰਵਿਰਤੀ ਨੂੰ ਕਾਇਮ ਰੱਖਦੀ ਹੋਈ ਖੇੜੇ ਨੂੰ ਕਦੇ ਵੀ ਆਪਣੀ ਮੰਜੀ ਨੂੰ ਹੱਥ ਨਹੀਂ ਲਾਉਣ ਦਿੰਦੀ । ਸਹੁਰੇ ਘਰ ਜਾ ਕੇ ਵੀ ਇਸ਼ਕ ਲਈ ਸੰਘਰਸ਼ ਜ਼ਾਰੀ

ਰੱਖਣਾ ਨਾਰੀ ਦੇ ਸੰਘਰਸ਼ ਦੀ ਅਮਿੱਟ ਛਾਪ ਹੈ । ਜਾਗੀਰਦਾਰੀ ਸਮਾਜ ਵਿਚ ਨਾਰੀ ਦਾ ਸਮਾਜ ਦੇ ਪ੍ਰਤਿ ਵਿਦਰੋਹ ਅਤੇ ਪ੍ਰੇਮੀ ਦਾ ਸਾਥ ਨਾ ਛੱਡਣਾ ਧਰਮ ਅਤੇ ਸਮਾਜਕ ਕਦਰਾਂ-ਕੀਮਤਾਂ ਦਾ ਸਹਾਰਾ ਲੈ ਕੇ ਕੀਤੇ ਗਏ ਜਬਰਨ ਫੈਸਲੇ ਦੇ ਖਿਲਾਫ਼ ਵਿਦਰੋਹ ਦਾ ਵੱਡਾ ਨਗਾਰਾ ਵੱਜਣ ਦੇ ਸਮਾਨ ਹੈ। ਇਸ ਨਗਾਰੇ ਨੂੰ ਵਜਾਉਂਦੀ ਹੋਈ ਹੀਰ ਰਾਂਝੇ ਨੂੰ ਜੋਗੀ ਬਣ ਕੇ ਆਉਣ ਲਈ ਸੁਨੇਹਾ ਭੇਜਦੀ ਹੈ ਕਿਉਂਕਿ ਜੋਗੀ ਨੂੰ ਸਤਿਕਾਰ ਦੀ ਦ੍ਰਿਸ਼ਟੀ ਨਾਲ ਦੇਖਿਆ ਜਾਂਦਾ ਸੀ। ਉਹ ਕਿਸੇ ਵੀ ਦਹਿਲੀਜ ਤੇ ਅਲਖ਼ ਜਗਾ ਸਕਦਾ ਸੀ ।

ਤੈਨੂੰ ਹਾਲ ਦੀ ਗੱਲ ਮੈਂ ਲਿਖ ਘੱਲਾਂ,
ਤੁਰਤ ਹੋਇ ਫਕੀਰ ਤੈਂ ਆਵਣਾ ਈਂ ।
ਕਿਸੇ ਜੋਗੀ ਦੀ ਜਾਇ ਕੇ ਬਣੀਂ ਚੇਲਾ,
ਸੁਆਹ ਲਾਇ ਕੇ ਕੰਨ ਪੜਵਾਵਣਾ ਈਂ ।
ਸਭੋ ਜਾਤ ਸਫ਼ਾਤ ਬਰਬਾਦ ਕਰ ਕੇ,
ਏਥੇ ਠੀਕ ਤੈਂ ਸੀਸ ਮੁਨਾਵਣਾ ਈਂ ।
ਤੂੰ ਹੀ ਜਿਉਂਦਿਆਂ ਦੇਈਂ ਦੀਦਾਰ ਸਾਨੂੰ,
ਅਸਾਂ ਵੱਤ ਨਾ ਜਿਉਂਦਿਆਂ ਆਵਣਾ ਈਂ।[14]

ਸਮਾਜਿਕ ਪਰਿਸਥਿਤੀਆਂ ਅਤੇ ਹਾਲਾਤ ਦੀ ਨਬਜ਼ ਨੂੰ ਚੰਗੀ ਤਰ੍ਹਾਂ ਸਮਝਦੀ ਹੋਈ ਹੀਰ ਸਹੁਰੇ ਘਰ ਜਾ ਕੇ ਹਰ ਕਦਮ ਸੋਚ ਸਮਝ ਕੇ ਚੁੱਕਦੀ ਹੈ। ਉਹ ਪਿਆਰ ਅਤੇ ਸਨੇਹ ਨਾਲ ਆਪਣੀ ਨਨਾਣ ਸਹਿਤੀ ਦਾ ਦਿੱਲ ਜਿੱਤ ਕੇ ਉਸਨੂੰ ਆਪਣੀ ਹਮਰਾਜ ਬਣਾ ਲੈਂਦੀ ਹੈ। ਇਸ਼ਕ ਦੀ ਪੀੜਾ ਨੂੰ ਇਸ਼ਕ ਕਰਨ ਵਾਲਾ ਹੀ ਜਾਣ ਸਕਦਾ ਹੈ। ਸਹਿਤੀ ਵੀ ਹੀਰ ਵਾਂਗ ਇਸ਼ਕ ਦੇ ਰੋਗ ਨਾਲ ਗ੍ਰਸਤ ਸੀ । ਉਹ ਇਸ਼ਕ ਦੇ ਸਮੁੰਦਰ ਵਿਚ ਹੁਲਾਰੇ ਮਾਰਦੀ ਹੋਈ ਮੁਰਾਦ ਨੂੰ ਪਾਉਣ ਦੀ ਫਿਰਾਕ ਵਿਚ ਸੀ। ਇਸ ਲਈ ਉਹ ਹੀਰ ਦੀ ਮਾਨਸਿਕ ਪੀੜ ਨੂੰ ਸਮਝਦੀ ਹੋਈ ਆਪਣੇ ਪਰਿਵਾਰ ਨਾਲ ਧੋਖਾ ਕਰ ਦੋ ਪ੍ਰੇਮਿਆਂ ਨੂੰ ਮਿਲਾਉਣ ਦਾ ਬੀੜਾ ਚੁੱਕ ਲੈਂਦੀ ਹੈ। ਹੀਰ ਅਤੇ ਸਹਿਤੀ ਦੇ ਗੁੱਝੇ ਸੰਬੰਧਾਂ ਨੂੰ ਬਿਆਨ ਕਰਦੀ ਹੋਈ ਸੁਖਵਿੰਦਰ ਕੌਰ ਸੰਧੂ ਲਿਖਦੀ ਹੈ :

> ''ਬੇਬਸੀ ਵਿਚ ਹੋਏ ਵਿਆਹ ਨੂੰ ਉਹ ਮਨੋ ਸਵੀਕਾਰ ਨਹੀਂ ਕਰਦੀ ਤੇ ਸਹੁਰੇ ਜਾ ਕੇ ਆਪਣੇ ਵਰਗੀ ਨਨਾਣ ਸਹਿਤੀ ਨਾਲ ਸਹੇਲ ਪਾ ਲੈਂਦੀ ਹੈ। ਦੋਵੇਂ ਰਲ ਕੇ ਰਾਂਝੇ ਨੂੰ ਬੁਲਾਉਣ ਦੀ ਸਕੀਮ ਘੜ ਲੈਂਦੀਆਂ ਹਨ। ਰਾਂਝੇ ਨੂੰ ਜੋਗੀ ਦਾ ਰੂਪ ਧਾਰ ਕੇ ਆਉਣ ਦੀ ਪ੍ਰੇਰਣਾ ਦੇਣਾ ਬੜੀ ਸੁਲਝੀ ਸੂਝ ਦਾ ਪਤਾ ਦਿੰਦਾ ਹੈ ਕਿਉਂਕਿ ਉਸ ਸਮੇਂ ਪੰਜਾਬ ਵਿਚ ਜੋਗੀਆਂ ਦੀ ਬੜੀ ਮਾਨਤਾ ਸੀ, ਜੋ ਅੱਜ ਵੀ ਚੱਲੀ ਆਉਂਦੀ ਹੈ।''[15]

ਕਿੱਸਾ ਹੀਰ ਵਾਰਿਸਸ਼ਾਹ' ਨਾਰੀ ਸੰਘਰਸ਼ ਅਤੇ ਚੇਤਨਾ ਦੇ ਨਵੇਂ ਪ੍ਰਤਿਮਾਨਾਂ ਨੂੰ ਸਥਾਪਿਤ ਕਰਦਾ ਨਜ਼ਰ ਆਉਂਦਾ ਹੈ। ਹੀਰ ਲਈ ਹਰ ਥਾਂ ਤੇ ਨਵੀਂ ਚੁਣੌਤੀ ਇੰਤਜ਼ਾਰ ਕਰਦੀ ਹੈ। ਸਹਿਤੀ ਜਦੋਂ ਹੀਰ ਨੂੰ ਕਾਲੇ ਬਾਗ਼ ਵਿਚ ਰਾਂਝੇ ਨਾਲ ਮਿਲਾਉਂਦੀ ਹੈ ਤਾਂ ਇੱਥੇ ਵੀ ਹੀਰ ਨੂੰ ਨਵਾਂ ਸੰਘਰਸ਼ ਕਰਨਾ ਪੈਂਦਾ ਹੈ, ਜੋ ਸੈਦੇ ਖੇੜੇ ਨਾਲ ਵਿਆਹੇ ਜਾਣ ਕਾਰਨ ਸ਼ੁਰੂ ਹੁੰਦਾ ਹੈ। ਜਿਸ ਰਾਂਝੇ ਲਈ ਹੀਰ ਪਰਿਵਾਰ, ਭਾਈਚਾਰੇ ਅਤੇ ਸਮੁੱਚੇ ਸਮਾਜ ਨਾਲ ਟੱਕਰ ਲੈਂਦੀ ਹੈ। ਉਹੀ ਰਾਂਝਾ ਅਪ੍ਰਤੱਖ ਰੂਪ ਵਿਚ ਉਸਦੀ ਸੁੱਚਤਾ ਤੇ ਪ੍ਰਸ਼ਨ ਖੜਾ ਕਰ ਦਿੰਦਾ ਹੈ। ਉਸਨੂੰ ਹੀਰ ਦੇ ਮਿਲਣ ਦੀ ਇੰਨੀ ਖੁਸ਼ੀ ਨੀਂ ਜਿੰਨੀ ਚਿੰਤਾ ਉਸ ਦੇ ਸ਼ਰੀਰ ਦੀ ਸੁੱਚਤਾ ਦੀ ਹੈ। ਹੀਰ ਰਾਂਝੇ ਨੂੰ ਵਿਸ਼ਵਾਸ ਦਿਲਾਉਂਦੀ ਹੋਈ ਕਹਿੰਦੀ ਹੈ :

ਬੰਨ੍ਹ ਮਾਪਿਆਂ ਜ਼ਾਲਮਾਂ ਟੋਰ ਦਿੱਤੀ,
ਤੇਰੇ ਇਸ਼ਕ ਨੇ ਮਾਰ ਕੇ ਖਾਕ ਕੀਤਾ ।
ਮਾਉਂ ਬਾਪ ਤੇ ਅੰਗ ਭੁਲਾ ਬੈਠੀ,
ਅਸਾਂ ਚਾਕ ਨੂੰ ਆਪਣਾ ਸਾਕ ਕੀਤਾ ।
ਤੇਰੇ ਬਾਝ ਨਾ ਕਿਸੇ ਨੂੰ ਅੰਗ ਲਾਇਆ,
ਗਵਾਹ ਹਾਲ ਦਾ ਮੈਂ ਰੱਬ ਪਾਕ ਕੀਤਾ।

> **ਦੇਖ ਨਵੀਂ ਨਰੋਈ ਅਮਾਨ ਤੇਰੀ,**
> **ਸੀਨਾ ਸਾੜ ਕੇ ਬਿਰਹੋਂ ਨੇ ਖ਼ਾਕ ਕੀਤਾ।''[16]**

ਹੀਰ ਅਤੇ ਸੈਦੇ ਖੇੜੇ ਦੇ ਰਿਸ਼ਤੇ ਬਾਰੇ ਬੇਸ਼ਕ ਰਾਂਝਾ ਸਪੱਸ਼ਟ ਸ਼ਬਦਾਂ ਵਿਚ ਨਹੀਂ ਪੁੱਛਦਾ ਪਰ ਉਹ ਹੀਰ ਨੂੰ ਵਿਆਹ ਕੇ ਚੱਲੇ ਜਾਣ ਤੇ ਤਾਹਨੇ ਮਿਹਣੇ ਮਾਰਦਾ ਹੈ। ਸਾਮੰਤੀ ਸਮਾਜ ਪੁਰਸ਼ ਪ੍ਰਧਾਨ ਸਮਾਜ ਹੋਣ ਕਰਕੇ ਨਾਰੀ ਨੂੰ ਦੂਜੈਲਾ ਸਥਾਨ ਪ੍ਰਾਪਤ ਸੀ। ਇਸ ਲਈ ਕਿਸੇ ਨਾ ਕਿਸੇ ਰੂਪ ਵਿਚ ਨਾਰੀ ਨੂੰ ਹਰ ਕੰਮ ਲਈ ਦੋਸ਼ੀ ਕਰਾਰ ਦੇ ਦਿੱਤਾ ਜਾਂਦਾ ਸੀ। ਰਾਂਝਾ ਮਨੋ ਇਹ ਗੱਲ ਸਵੀਕਾਰ ਨਹੀਂ ਕਰਦਾ ਕਿ ਹੀਰ ਦਾ ਸੈਦੇ ਖੇੜੇ ਨਾਲ ਕੋਈ ਸ਼ਰੀਰਿਕ ਰਿਸ਼ਤਾ ਨਹੀਂ ਹੈ। ਰਾਂਝੇ ਦੀ ਮਾਨਸਿਕਤਾ ਉਦੋਂ ਉਭਰ ਕੇ ਸਾਹਮਣੇ ਆਉਂਦੀ ਹੈ ਜਦੋਂ ਉਹ ਸੈਦੇ ਖੇੜੇ ਤੋਂ ਹੀਰ ਦੀ ਪਵਿੱਤਰਤਾ ਦਾ ਪ੍ਰਮਾਣ ਮੰਗਦਾ ਹੈ ਜਦੋਂ ਤੱਕ ਸੈਦਾ ਪੀਰਾਂ ਫਕੀਰਾਂ ਦੀ ਕਸਮ ਖਾਂ ਕੇ ਇਹ ਨਹੀਂ ਦੱਸਦਾ ਕਿ ਉਸਨੇ ਹੀਰ ਦੀ ਸ਼ਕਲ ਤੱਕ ਵੀ ਨਹੀਂ ਦੇਖੀ, ਉਦੋਂ ਤੱਕ ਰਾਂਝਾ ਦਿਲੋਂ ਹੀਰ ਦੀ ਸੁੱਚਤਾ ਨੂੰ ਸਵੀਕਾਰ ਨਹੀਂ ਕਰਦਾ । ਨੀਲਮਜੀਤ ਕੌਰ ਰਾਂਝੇ ਦੀ ਅਜਿਹੀ ਮਾਨਸਿਕਤਾ ਨੂੰ ਇੰਜ ਪੇਸ਼ ਕਰਦੀ ਹੈ :

> **''ਰਾਂਝਾ ਕੇਵਲ ਜਿਸ ਦਾ ਕੇਵਲ ਹੀਰ ਨਾਲ ਸੰਬੰਧ ਹੈ ਉਸ ਦੀ ਆਰਥਿਕ ਸ਼ਾਖ ਨਾਲ ਨਹੀਂ। ਉਹ ਹੀਰ ਦੇ ਭਰੋਸਾ ਦਿਵਾਉਣ ਦੇ ਬਾਵਜੂਦ ਵੀ ਜਦ ਤੱਕ ਸੈਦੇ ਤੋਂ ਇਸ ਗੱਲ ਦੀ ਪੁਸ਼ਟੀ ਨਹੀਂ ਕਰਾਉਂਦਾ ਕਿ ਸੈਦੇ ਨੇ ਹੀਰ ਨੂੰ ਦੇਖਿਆ ਤੱਕ ਨਹੀਂ, ਰਾਂਝੇ ਦੀ ਤਸੱਲੀ ਨਹੀਂ ਹੁੰਦੀ ।''[17]**

ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਨਾਰੀ ਨੂੰ ਹੀ ਹਮੇਸ਼ਾ ਆਪਣੀ ਸੁੱਚਤਾ ਦਾ ਪ੍ਰਮਾਣ ਦੇਣਾ ਪਿਆ ਹੈ। ਸੀਤਾ ਮਾਤਾ ਨੂੰ ਵੀ ਅਗਨੀ ਪ੍ਰੀਖਿਆ ਵਿਚੋਂ ਗੁਜ਼ਰ ਕੇ ਆਪਣੀ ਸੁੱਚਤਾ ਸਾਬਿਤ ਕਰਨੀ ਪਈ ਸੀ । ਕਿੱਸਿਆ ਵਿਚ ਵੀ ਨਾਰੀ ਨੂੰ ਆਪਣੇ ਦਾਮਨ ਨੂੰ ਪਾਕ ਸਾਬਿਤ ਕਰਨ ਲਈ ਪੀਰਾਂ-ਫਕੀਰਾਂ ਦੀਆਂ ਕਸਮਾਂ ਖਾ ਕੇ ਗਵਾਹੀ ਦੀ ਲੋੜ ਪਈ ਪਰ ਹੀਰ ਹਰ ਚੁਣੌਤੀ ਦਾ ਸਾਹਮਣਾ ਕਰਦੀ ਹੋਈ ਇਸ਼ਕ ਵਿਚ ਗ਼ਲਤਾਨ ਆਪਣੇ ਸੰਘਰਸ਼ ਨੂੰ ਜਾਰੀ ਰੱਖਦੀ ਹੈ। ਸਹਿਤੀ ਦੀ ਮਦਦ ਨਾਲ ਉਹ ਸੈਦੇ ਖੇੜੇ ਦਾ ਘਰ ਛੱਡ ਕੇ ਜੋਗੀ ਰੂਪ ਵਿਚ ਆਏ ਰਾਂਝੇ ਨਾਲ ਚੱਲੀ ਜਾਂਦੀ ਹੈ ਪਰ ਹੀਰ ਦਾ ਸੰਘਰਸ਼ ਇੱਥੇ ਵੀ ਖ਼ਤਮ ਨਹੀਂ ਹੁੰਦਾ । ਖੇੜੇ ਹੀਰ ਅਤੇ ਰਾਂਝੇ ਨੂੰ ਸਵੇਰੇ ਡੂੰਮਾਂ ਦੇ ਕੋਠੇ ਤੇ ਆ ਕੇ ਫੜ ਲੈਂਦੇ ਹਨ। ਰਾਂਝਾ ਰਾਜਾ ਅਦਲੀ ਦੇ ਦਰਬਾਰ ਵਿਚ ਫਰਿਆਦ ਕਰਦਾ ਹੈ। ਰਾਜਾ ਹੀਰ 'ਤੇ ਹੱਕ ਬਾਰੇ ਫੈਸਲਾ ਕਾਜ਼ੀ ਤੇ ਛੱਡ ਦਿੰਦਾ ਹੈ। ਸਮਾਜਿਕ ਅਤੇ ਸਭਿਆਚਾਰਕ ਦ੍ਰਿਸ਼ਟੀ ਤੋਂ ਵੇਖਦੇ ਹੋਏ ਹੀਰ ਖੇੜਿਆ ਦੇ ਹਵਾਲੇ ਕਰ ਦਿੱਤੀ ਜਾਂਦੀ ਹੈ। ਇੰਨੀ ਜੱਦੋਂ-ਜਹਿਦ ਨਾਲ ਮਿਲੇ ਪ੍ਰੇਮੀ ਦੋਬਾਰਾ ਅਨਿਆਂ ਦਾ ਸ਼ਿਕਾਰ ਹੋ ਕੇ ਵਿਛੜ ਜਾਂਦੇ ਹਨ। ਉਨ੍ਹਾਂ ਦੀ ਬਦਦੁਆ ਨਾਲ ਸ਼ਹਿਰ ਵਿਚ ਅੱਗ ਲੱਗ ਜਾਂਦੀ ਹੈ :

> **ਲੱਗੀ ਅੱਗ ਚੌਤਰਫ਼ਾ ਜਾਂ ਸ਼ਹਰ ਸਾਰੇ,**
> **ਕੀਤਾ ਸਾਫ਼ ਸਭ ਝੁਗੀਆਂ ਝਾਂਈਆਂ ਨੂੰ ।**
> **ਸਾਰੇ ਦੇਸ਼ ਵਿਚ ਧੁੰਮ ਤੇ ਸ਼ੋਰ ਹੋਇਆ,**
> **ਖ਼ਬਰਾਂ ਪਹੁੰਚਿਆਂ ਪਾਂਧੀਆਂ ਰਾਹੀਆਂ ਨੂੰ ।**
> **ਲੋਕਾਂ ਕਹਿਆ, ਫਕੀਰ ਬਦਦੁਆ ਦਿਤੀ,**
> **ਰਾਜੇ ਭੇਜਿਆ ਤੁਰਤ ਸਿਪਾਹੀਆਂ ਨੂੰ ।**
> **ਰਾਜੇ ਹੁਕਮ ਮੀਤਾ, ਖੇੜੇ ਕਰੋ ਹਾਜ਼ਿਰ,**
> **ਨਹੀਂ ਜਾਣਦੇ ਜ਼ਬਤ ਬਾਦਸ਼ਾਹੀਆਂ ਨੂੰ ।**
> **ਕਹਿਣ ਖੇੜਿਆਂ ਨੂੰ ਚਲੋ ਹੋਵੇ ਹਾਜ਼ਰ,**
> **ਖੇੜੇ ਫੜੇ ਨੇ ਵੇਖ ਲੌ ਕਾਹੀਆਂ ਨੂੰ ।**
> **ਵਾਰਿਸ ਸੌਮ ਸਲਵਾਤ ਕੀ ਛੁਰੀ ਕੱਪੇ,**
> **ਇਨ੍ਹਾਂ ਦੀਨ ਈਮਾਨ ਦੀਆਂ ਫਾਹੀਆਂ ਨੂੰ ।''[18]**

ਹੀਰ ਰਾਜੇ ਨੂੰ ਸੱਚਾਈ ਤੋਂ ਜਾਣੂ ਕਰਾਉਂਦੀ ਹੋਈ ਇਹ ਗੱਲ ਸਵੀਕਾਰ ਕਰਦੀ ਹੈ ਕਿ ਉਸਨੇ ਸੈਦੇ ਖੇੜੇ ਨਾਲ ਨਿਕਾਹ ਪੜ੍ਹਨ ਸਮੇਂ ਕਬੂਲ ਨਹੀਂ ਕੀਤਾ ਸੀ। ਜਦੋਂ ਕਾਜ਼ੀ ਤੋਂ ਵੀ ਇਸ

ਗੱਲ ਦੀ ਪੁਸ਼ਟੀ ਹੋ ਜਾਂਦੀ ਹੈ ਕਿ ਹੀਰ ਸੈਦੇ ਖੇੜੇ ਨਾਲ ਜ਼ਬਰਨ ਤੋਰ ਦਿੱਤੀ ਗਈ ਸੀ ਤਾਂ ਰਾਜੇ ਨੂੰ ਆਪਣੇ ਗ਼ਲਤ ਫੈਸਲੇ ਦਾ ਅਹਿਸਾਸ ਹੁੰਦਾ ਹੈ। ਉਹ ਹੀਰ ਨੂੰ ਰਾਂਝੇ ਹੱਥ ਸੌਂਪ ਦਿੰਦਾ ਹੈ ।

ਵਾਰਿਸ ਹੀਰ ਦੀ ਨਵੀਂ ਚੇਤਨਾ ਬਿਆਨ ਕਰਦਾ ਹੈ। ਜਿਹੜੀ ਹੀਰ ਸੈਦੇ ਖੇੜੇ ਨਾਲ ਨਿਕਾਹ ਤੋਂ ਪਹਿਲਾਂ ਰਾਂਝੇ ਨਾਲ ਉੱਧਲ ਕੇ ਜਾਣ ਨੂੰ ਤਿਆਰ ਸੀ ਹੁਣ ਉਹ ਰਾਂਝੇ ਨੂੰ ਜੰਞ ਲੈ ਕੇ ਆਉਣ ਲਈ ਕਹਿੰਦੀ ਹੈ। ਸ਼ਾਇਦ ਸਮਾਜਿਕ ਪ੍ਰਵਾਨਗੀ ਦਾ ਤੱਤ ਉਹਦੇ ਅਵਚੇਤਨ ਵਿਚ ਵੀ ਕਿਧਰੇ ਪਿਆ ਸੀ ਕਿ ਸਮਾਜ ਵਿਚ ਰਹਿਣ ਲਈ ਪ੍ਰਵਾਨਗੀ ਹੋਣਾ ਲਾਜ਼ਮੀ ਹੈ। ਇਸੇ ਲਈ ਹੀਰ ਰਾਂਝੇ ਨੂੰ ਕਹਿੰਦੀ ਹੈ :

ਹੀਰ ਆਖਿਆ, ਐਵੇਂ ਜੇ ਜਾਇ ਵੜਸਾਂ,
ਰੰਨਾਂ ਆਖਸਣ, ਉਧਲ ਕੇ ਆਈਏਂ ਨੀ।
ਪਈਏ ਸਾਹੁਰੇ ਡੋਬਕੇ ਗਾਲਿਉ ਨੀ,
ਖੋਹ ਕੌਣ ਨਵਾਲੀਆਂ ਆਈਏਂ ਨੀ?
ਘਤ ਜਾਦੂੜਾ ਦੇਵ ਨੇ ਪਰੀ ਠਗੀ,
ਰੂਹ ਆਦਮੀ ਦੇ ਹਥ ਆਈਏਂ ਨੀ।
ਮੈਨੂੰ ਚਾਚੀਆਂ ਤਾਈਆਂ ਦੇਣ ਮੇਹਣੇ,
ਅਤੇ ਆਖਸਣ ਕਿਉਂ ਨੱਸ ਆਈਏਂ ਨੀ।
ਵਾਰਿਸ ਸ਼ਾਹ ਪਰੇਮ ਦੀ ਜੜੀ ਘਤੀ,
ਮਸਤਾਨੜੀ ਚਾਇ ਕਰਾਈਏਂ ਨੀ।[19]

ਇੰਜ ਵਿਰੋਧੀ ਸਭਿਆਚਾਰਕ ਕੀਮਤਾਂ ਦੀਆਂ ਤੰਦਾਂ ਪਹਾੜ ਬਣ ਕੇ ਸਾਹਮਣੇ ਖਲੋਂ ਜਾਂਦੀਆਂ ਹਨ ਤੇ ਹੀਰ ਇਸ ਦੀ ਉਲੰਘਣਾ ਕਰਕੇ ਤਖ਼ਤ ਹਜ਼ਾਰੇ ਜਾਣ ਲਈ ਤਿਆਰ ਨਹੀਂ ਹੁੰਦੀ। ਦੂਜੇ ਪਾਸੇ ਸਿਆਲ ਵੀ ਰਾਂਝੇ ਨੂੰ ਜੰਞ ਲੈ ਕੇ ਆਉਣ ਲਈ ਕਹਿੰਦੇ ਹੋਏ ਸਾਜਿਸ਼ ਰੱਚ ਕੇ ਹੀਰ ਨੂੰ ਜ਼ਹਿਰ ਦੇਣ ਦਾ ਮੱਤਾ ਪਕਾਉਂਦੇ ਹਨ :

ਸਿਆਲਾਂ ਬੈਠ ਕੇ ਸੱਥ ਵਿਚਾਰ ਕੀਤੀ,
ਭਲੇ ਆਦਮੀ ਗ਼ੈਰਤਾਂ ਪਾਲਦੇ ਨੀ।
ਯਾਰੋ ਗੱਲ ਮਸ਼ਹੂਰ ਜਹਾਨ ਉਤੇ,
ਸਾਨੂੰ ਮੇਹਣੇ ਹੀਰ ਸਿਆਲ ਦੇ ਨੀ।
ਫੱਟ ਜੀਭ ਤੇ ਕਾਲਖਾਂ ਬੇਟੀਆਂ ਦੀਆਂ,
ਐਬ ਜਵਾਨੀ ਤੇ ਮੇਹਣੇ ਗਾਲ ਦੇ ਨੀ।
ਪਤ ਰਹੇਗੀ ਨਾਹ ਜੇਕਰ ਤੋਰ ਦੇਈਏ,
ਨਢੀ ਨਾਲ ਮੁੰਡੇ ਮਹੀਂਵਾਲ ਦੇ ਨੀ
- - - - - - - - - - - - - -
- - - - - - - - - - - - - -
ਮਹੁਰਾ ਦੇ ਕੇ ਮਾਰੀਏ ਹੀਰ ਤਾਈਂ,
ਗੁਨਾਹਗਾਰ ਹੋ ਜ਼ੁਲ ਜਲਾਲ ਦੇ ਨੀ ।
ਮਾਰ ਸੁਟਿਆ ਹੀਰ ਨੂੰ ਮਾਪਿਆਂ ਨੇ,
ਇਹ ਪੇਖਣੇ ਜ਼ੁਲ ਜਲਾਲ ਦੇ ਨੀ।''[20]

ਭਾਈਚਾਰਾ ਕਿਸੇ ਵੀ ਕੀਮਤ ਤੇ ਇਕ ਚਾਕ ਵੱਲ ਆਪਣੀ ਧੀ ਦੇਣ ਨੂੰ ਤਿਆਰ ਨਹੀਂ ਹੁੰਦਾ । ਇਸੇ ਲਈ ਰਾਜੇ ਅਦਲੀ ਦਾ ਫੈਸਲਾ ਵੀ ਉਨ੍ਹਾਂ ਦੀ ਅਣਖ ਅੱਗੇ ਵੰਗਾਰ ਬਣ ਕੇ ਖਲੋਂ ਜਾਂਦਾ ਹੈ ਜਿਸਨੂੰ ਜਿੰਦਾ ਰੱਖਣ ਲਈ ਭਾਈਚਾਰਾ ਹੀਰ ਨੂੰ ਮਾਰਨ ਲਈ ਤਾਂ ਤਿਆਰ ਹੋ ਜਾਂਦਾ ਹੈ ਪਰ ਰਾਂਝੇ ਨਾਲ ਵਿਆਹੁਣ ਲਈ ਤਿਆਰ ਨਹੀਂ । ਧੀ ਲਈ ਵਰ ਦੀ ਚੋਣ ਉਹ ਆਪਣਾ ਅਧਿਕਾਰ ਮੰਨਦੇ ਹਨ। ਜਦੋਂ ਕੋਈ ਉਨ੍ਹਾਂ ਤੋਂ ਇਹ ਅਧਿਕਾਰ ਖੋਹਣ ਦੀ ਕੋਸ਼ਿਸ਼ ਕਰਦਾ ਹੈ ਤਾਂ ਇਹ ਉਨ੍ਹਾਂ ਲਈ ਵੰਗਾਰ ਬਣ ਜਾਂਦਾ ਹੈ ਚਾਹੇ ਉਹ ਰਾਜਾ ਅਦਲੀ ਹੀ ਕਿਉਂ ਨਾ ਹੋਵੇ।

ਅਸਲ ਵਿਚ 'ਹੀਰ ਵਾਰਿਸ ਸ਼ਾਹ' ਨਾਰੀ ਦੇ ਸੰਘਰਸ਼ ਸਵੈ-ਚੇਤਨਾ ਅਤੇ ਆਜ਼ਾਦ ਪ੍ਰਵਿਰਤੀ ਦੀ ਜਿਉਂਦੀ-ਜਾਗਦੀ ਤਸਵੀਰ ਪੇਸ਼ ਕਰਦੀ ਹੈ। ਹੀਰ ਕਿੱਸੇ ਵਿਚ ਨਾਰੀ ਦੇ ਸੰਘਰਸ਼ ਦੀ ਜਿਸ ਮਸ਼ਾਲ ਨੂੰ ਜਗਾਉਂਦੀ ਹੈ ਉਹ ਉਸਦੇ ਅੰਤਿਮ ਸ਼ਾਹਾਂ ਤੱਕ ਜਗਦੀ ਰਹਿੰਦੀ ਹੈ। ਜੇਕਰ ਇਕ ਪਾਸੇ ਭਾਈਚਾਰਾ ਹੀਰ ਦੇ ਪਿਆਰ ਨੂੰ ਆਪਣੇ ਲਈ ਚੁਣੌਤੀ ਰੂਪ ਵਿਚ ਸਵੀਕਾਰ ਕਰਦਾ ਹੈ ਤਾਂ ਦੂਜੇ ਪਾਸੇ ਹੀਰ ਵੀ ਆਪਣੇ ਸੰਘਰਸ਼ ਦੇ ਪਰਚਮ ਨੂੰ ਅੰਤਿਮ ਸ਼ਾਹ ਤੱਕ ਲਹਿਰਾਉਂਦੀ ਹੈ। ਅੰਤ ਵਿਚ ਭਾਈਚਾਰੇ ਨੂੰ ਹੀ ਆਪਣੀ ਅਣਖ ਨੂੰ ਜਿੰਦਾ ਰੱਖਣ ਲਈ ਦਗ਼ੇਬਾਜ ਦਾ ਰੂਪ ਧਾਰਨ ਕਰ ਪਿੱਠ ਪਿੱਛੇ ਵਾਰ ਕਰਨਾ ਪੈਂਦਾ ਹੈ। ਹੀਰ ਨਾਰੀ ਸੰਘਰਸ਼ ਦੀ ਉਹ ਮਿਸਾਲ ਬਣ ਕੇ ਪੇਸ਼ ਹੋਈ ਹੈ ਜੋ ਹਮੇਸ਼ਾ ਸੰਘਰਸ਼ ਲਈ ਰਾਹ ਰੁਸ਼ਨਾਦੀ ਰਹੇਗੀ।

**ਹਵਾਲੇ ਅਤੇ ਟਿੱਪਣੀਆਂ**

1. Richard P. Lipka & Thomas M. Brihthaupt. (Edt.) (1992), Self Perspectives Across the Life Span, p. 228
2. ਸੇਖੋਂ, ਸੰਤ ਸਿੰਘ (ਸੰਪਾ.), (2002), ਹੀਰ ਵਾਰਿਸ ਸ਼ਾਹ, ਸਾਹਿਤ ਅਕਾਦਮੀ, ਦਿੱਲੀ, ਪੰਨਾ 50
3. ਸੰਧੂ, ਸੁਖਵਿੰਦਰ ਕੌਰ, (2004), ਪੰਜਾਬੀ ਕਿੱਸਾ ਕਾਵਿ ਵਿਚ ਆਦਰਸ਼ ਨਾਰੀ ਦਾ ਸੰਕਲਪ, ਵਾਰਿਸ ਸ਼ਾਹ ਫਾਉਂਡੇਸਨ, ਅੰਮ੍ਰਿਤਸਰ, ਪੰਨਾ 162
4. ਸੇਖੋਂ, ਸੰਤ ਸਿੰਘ (ਸੰਪਾ.), (2002), ਹੀਰ ਵਾਰਿਸ ਸ਼ਾਹ, ਸਾਹਿਤ ਅਕਾਦਮੀ, ਦਿੱਲੀ, ਪੰਨਾ 54
5. ਕੁਲਵੰਤ ਕੌਰ, (1990), ਮੱਧਕਾਲੀਨ ਪੰਜਾਬੀ ਬ੍ਰਿਤਾਂਤਕ ਸਾਹਿਤ ਦੀਆਂ ਕਥਾਨਕ ਰੂੜੀਆਂ, ਦਿੱਲੀ ਯੂਨੀਵਰਸਿਟੀ, ਦਿੱਲੀ, ਪੰਨਾ 83
6. ਕਿਸ਼ਨ ਸਿੰਘ, (1974), ਸਾਹਿਤ ਦੀ ਸਮਝ, ਸੇਧ ਪ੍ਰਕਾਸ਼ਨ, ਨਵੀਂ ਦਿੱਲੀ, ਪੰਨੇ 66-67
7. ਸੇਖੋਂ, ਸੰਤ ਸਿੰਘ (ਸੰਪਾ.), (2002), ਹੀਰ ਵਾਰਿਸ ਸ਼ਾਹ, ਸਾਹਿਤ ਅਕਾਦਮੀ, ਦਿੱਲੀ, ਪੰਨਾ 61
8. ਕਿਸ਼ਨ ਸਿੰਘ, ਵਾਰਿਸ ਸ਼ਾਹ, ਵਾਰਿਸ ਸ਼ਾਹ, ਜੀਵਨ ਤੇ ਰਚਨਾ, ਪੰਨਾ 185
9. ਸੇਖੋਂ, ਸੰਤ ਸਿੰਘ (ਸੰਪਾ.), (2002), ਹੀਰ ਵਾਰਿਸ ਸ਼ਾਹ, ਸਾਹਿਤ ਅਕਾਦਮੀ, ਦਿੱਲੀ, ਪੰਨੇ 63-64
10. ਉਹੀ, ਪੰਨਾ 81
11. ਉਹੀ, ਪੰਨਾ 74
12. ਉਹੀ, ਪੰਨਾ 111
13. ਕਾਂਗ, ਅਮਰਜੀਤ ਸਿੰਘ, ਡਾ. ਅਤੇ ਕਾਂਗ, ਜਸਪਾਲ ਕੌਰ (ਡਾ.), (2001), ਮਧਕਾਲੀ ਪੰਜਾਬੀ ਸਾਹਿਤ ਵਿਵੇਕ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, ਪੰਨਾ 91
14. ਸੇਖੋਂ, ਸੰਤ ਸਿੰਘ (ਸੰਪਾ.), (2002), ਹੀਰ ਵਾਰਿਸ ਸ਼ਾਹ, ਸਾਹਿਤ ਅਕਾਦਮੀ, ਦਿੱਲੀ, ਪੰਨਾ 118
15. ਸੰਧੂ, ਸੁਖਵਿੰਦਰ ਕੌਰ, (2004), ਪੰਜਾਬੀ ਕਿੱਸਾ ਕਾਵਿ ਵਿਚ ਆਦਰਸ਼ ਨਾਰੀ ਦਾ ਸੰਕਲਪ, ਵਾਰਿਸ ਸ਼ਾਹ ਫਾਉਂਡੇਸਨ, ਅੰਮ੍ਰਿਤਸਰ, ਪੰਨੇ 130-131
16. ਸੇਖੋਂ, ਸੰਤ ਸਿੰਘ (ਸੰਪਾ.), (2002), ਹੀਰ ਵਾਰਿਸ ਸ਼ਾਹ, ਸਾਹਿਤ ਅਕਾਦਮੀ, ਦਿੱਲੀ, ਪੰਨਾ 271
17. ਨੀਲਮਜੀਤ ਕੌਰ, (1991), ਹੀਰ ਵਾਰਿਸ ਵਿਚ ਪੰਜਾਬੀ ਸੰਸਕ੍ਰਿਤੀ, ਵਾਰਿਸ ਸ਼ਾਹ ਫਾਉਂਡੇਸਨ, ਅੰਮ੍ਰਿਤਸਰ, ਪੰਨਾ 71
18. ਸੇਖੋਂ, ਸੰਤ ਸਿੰਘ (ਸੰਪਾ.), (2002), ਹੀਰ ਵਾਰਿਸ ਸ਼ਾਹ, ਸਾਹਿਤ ਅਕਾਦਮੀ, ਦਿੱਲੀ, ਪੰਨਾ 316
19. ਉਹੀ, ਪੰਨਾ 318
20. ਉਹੀ, ਪੰਨਾ 321